# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

## ਭਾਈ ਮਨੀ ਸਿੰਘ ਜੀ ਸ਼ਹੀਦ

ਮਈ ੧੯੭੭

May 1977



ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਗੁਰੂ ਅਰਜਨ ਵਿਟਹੁ ਕੁਰਬਾਣੀ | ਭਾਈ ਗੁਰਦਾਸ ਜੀ | ੧ |
| ਭਾਣੇ ਦੀ ਖੇਡ (ਕਵਿਤਾ) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਗੁਰਬਾਣੀ ਪੜ੍ਹਨ ਸੁਣਨ ਗਾਉਣ ਤੇ ਲਿਖਣ ਦਾ ਫਲ | " " " | ੩ |
| ਪੋਥੀ ਪਰਮੇਸਰ ਕਾ ਥਾਨੁ | — — — | ੫ |
| ਅੰਮ੍ਰਿਤਧਾਰੀ ਨਾਮ-ਰਸੀਆਂ ਦਾ ਸਜਾਇਆ ਲੰਗਰ | ਭਾ: ਸਾ: ਰਣਧੀਰ ਸਿੰਘ ਜੀ | ੬ |
| ਧੰਨ ਗੁਰੂ ਅਰਜਨ ਦੇਵ ਜੀ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੮ |
| ਗੁਰੂ ਮਾਨਿਓ ਗ੍ਰੰਥ (ਇਕ ਬ੍ਰਿਤਾਂਤ) | ਸ੍ਰੀ ਗੁਰੂ ਨਾਨਕ ਸਤਿਸੰਗ ਸਭਾ | ੯ |
| ਮਾਇਆ | ਭਾਈ ਜੋਗਿੰਦਰ ਸਿੰਘ ਜੀ | ੧੧ |
| ਸਾਖੀ ਭੁਲੇ ਵਿਸਰੇ ਸ਼ਹੀਦਾਂ ਦੀ | ਸ: ਜੈਦੇਵ ਸਿੰਘ ਜੀ | ੧੩ |
| ਇਕ ਸਿਖ ਦੋ ਸਾਧ ਸੰਗ ਪੰਜੀਂ ਪਰਮੇਸਰ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੧੪ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੧੫ |
| ਗੁਰਸਿਖਾਕੈਮਨਿਭਾਵਦੀਗੁਰਸਤਿਗੁਰਕੀਵਡਿਆਈ | ਭਾ: ਸਾ: ਰਾਮ ਸਿੰਘ ਜੀ | ੨੧ |
| ਅਦੁੱਤੀ ਸ਼ਹੀਦੀ ਸਾਕਾ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੬ |
| ਕਾਰਜ-ਸਾਧਕ ਕਮੇਟੀ ਦੇ ਮਤੇ | — — — | ੨੮ |
| ਬਿਪਰਨ ਦੀ ਰੀਤਿ | 'ਸੂਰਾ' ਪਰਵਾਰ | ੨੯ |
| ਬੁਰਾਈਆਂ ਦੀ ਜੜ੍ਹ ਸ਼ਰਾਬ | ਗਿ: ਗੋਪਾਲ ਸਿੰਘ ਜੀ ਮਿੱਤਰ | ੩੧ |
| ਕਲਜੁਗਿ ਜਹਾਜੁ ਅਰਜੁਨੁ ਗੁਰੂ | ਭਾਈ ਜੋਗਿੰਦਰ ਸਿੰਘ ਜੀ | ੩੬ |
| ਪੰਜਾਬ ਦੇ ਪਾਰਲੀਮੈਂਟ ਮੈਂਬਰ ਧਿਆਨ ਦੇਣ | ਸੂਰਾ ਪਰਵਾਰ | ੪੦ |


ਅਗਲੇ ਪਰਚੇ ਵਿਚ

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਖਸੀਅਤ ਤੇ ਸ਼ਹਾਦਤ — ਜੇ. ਪੀ. ਸੰਗਤ ਸਿੰਘ ਜੀ
ਮਾਸਾਹਾਰ ਬਾਰੇ ਡਾਕਟਰੀ ਵਿਚਾਰ — ਡਾ: ਉਤਮ ਸਿੰਘ ਜੀ

| | |
|---|---|
| ਸ੍ਰੀ ਗੁਰੂ ਅਮਰ ਦਾਸ ਜੀ ਅਵਤਾਰ ਧਾਰਿਆ | ੨ ਮਈ |
| ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਰਿਆਈ ਮਿਲੀ | ੧੦ ਮਈ |
| ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ ਸਮਾਏ | ੨੨ ਮਈ |

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੫.੭੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 5 1 8 4 7

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੮–੦੦
ਪਰਦੇਸ ੧੮–੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦–੭੫



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੧ ਮਈ ੧੯੭੭ ਅੰਕ ੫


## ਗੁਰ ਅਰਜਨ ਵਿਟਹੁ ਕੁਰਬਾਣੀ

ਰਹਿੰਦੇ ਗੁਰੁ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ ॥
ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ ॥
ਸਬਦ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ ॥
ਚਰਨ ਕਵਲ ਮਿਲਿ ਭਵਰ ਜਿਉ, ਸੁਖ ਸੰਪਟਿ ਵਿਚਿ ਰੈਣਿ ਵਿਹਾਣੀ ॥
ਗੁਰੁ ਉਪਦੇਸੁ ਨ ਵਿਸਰੈ, ਬਾਬੀਹੇ ਜਿਉ ਆਖ ਵਖਾਣੀ ॥
ਗੁਰਮੁਖ ਸੁਖ ਫਲੁ ਪਿਰਮ ਰਸ, ਸਹਜ ਸਮਾਧਿ ਸਾਧ ਸੰਗਿ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥

[ਭਾਈ ਗੁਰਦਾਸ ਜੀ, ਵਾਰ ੨੪


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ


www.AKJ.Org

# ਭਾਣੇ ਦੀ ਖੇਡ

[ ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਭਾਣੇ ਮਿਠੜੇ ਕਰਿ ਜਿਨ੍ਹਾਂ ਮੰਨ ਲਏ, ਤਿਨ੍ਹ ਪਰਵਾਹ ਕੀ ਬਿਕਟ ਕਸ਼ਟੋਲਿਆਂ ਦੀ।
ਆਪਾ ਵਾਰ ਜੋ ਦੇਹੋਂ ਬਿਦੇਹ ਹੋਏ, ਤਿਨ੍ਹਾਂ ਸਾਰ ਭਾਣੇ ਮਿਠੜੋਲਿਆਂ ਦੀ।

ਜਿਨ੍ਹਾਂ ਨਾਮ ਲਿਵਤਾਰ ਦੀ ਕਾਰ ਘਾਲੀ, ਭਾਈ ਕਾਰ ਤਿਨ੍ਹ ਬਿਖਮ ਭਾਣੋਲਿਆਂ ਦੀ।
ਭਾਸੇ ਮੂਲ ਨ ਭਾਣੇ ਦੇ ਆਸ਼ਕਾਂ ਨੂੰ, ਸਰੀਰ ਪੀਰ ਮਹਾਂ ਸੰਕਟੋਲਿਆਂ ਦੀ।

ਝਾਗੇ ਕਸ਼ਟ ਬਿਕਰਾਲ ਤਸੀਹਿਆਂ ਦੇ, ਚੜ੍ਹਦੀ ਕਲਾ ਰਹੀ ਸਮ ਬ੍ਰਿਤੋਲਿਆਂ ਦੀ।
ਤੀਰ ਲਗਿਆਂ ਬੀਰ ਰਸ ਹੋਰ ਜਾਗੇ, ਸੱਚੀ ਪਰਖ ਸੱਚੇ ਸੂਰਮੋਲਿਆਂ ਦੀ।

ਗੋਲੀ ਦਗਿਆਂ ਸੂਰਮੇ ਜਾਣ ਅਗੇ, ਪਿਛੇ ਜੰਘ ਨਾ ਜੰਗ-ਜੂਝੋਲਿਆਂ ਦੀ।
ਜੂਝਣ ਸੂਰਮੇ ਸੋਇ ਜੋ ਹੋਹਿੰ ਦਾਗੇ, ਦਾਗੀ ਪਿਠ ਨਾ ਸ਼ੇਰ ਮਰਦੋਲਿਆਂ ਦੀ।

ਪਰਉਪਕਾਰ ਨਮਿਤ ਨਿਸਾਰ ਹੋਣਾ, ਬੇਦਰੇਗ ਨੁਸਰਤ ਗੁਰ-ਨਸਰੋਲਿਆਂ ਦੀ।
ਪਿਆਰੇ ਪ੍ਰਾਨ ਨ ਪਿਆਰੜੀ ਜਾਨ ਕੀਤੀ, ਪਿਆਰੀ ਜਾਨਬਾਜ਼ੀ ਪਰਉਪਕਰੋਲਿਆਂ ਦੀ।

ਪਿਆਰੇ ਤਾਜ ਨ ਤਖ਼ਤ ਨ ਰਾਜ ਪਿਆਰੇ, ਪਿਆਰੀ ਬਾਂਛ ਨਾ ਸੁਰਗ-ਲੋਕੋਲਿਆਂ ਦੀ।
ਰਾਜ ਭਾਗ ਨ ਭੋਗ ਰਸ ਰੰਗ ਪਿਆਰੇ, ਪਿਆਰੀ ਸਲ਼ਤਨਤ ਨ ਨੰਵਖੰਡੋਲਿਆਂ ਦੀ।

ਸੱਥਰ ਪਿਆਰੜੇ ਪ੍ਰੇਮ-ਕੁਰਬਾਨੀਆਂ ਦੇ, ਪਿਆਰੀ ਪ੍ਰੀਤ ਢੋਲੇ-ਯਾਰੜੋਲਿਆਂ ਦੀ।
ਸ਼ਹਿਦੋਂ ਮਿਠੜੇ ਘੁੱਟ ਸ਼ਹੀਦੀਆਂ ਦੇ, ਫਿੱਕੀ ਲਖ ਨਿਆਮਤ ਸ਼ਹਿਨਸ਼ੋਲਿਆਂ ਦੀ।

ਪ੍ਰੇਮ-ਉਪਕਾਰ ਅਗੇ ਅਰਸ਼ੀ ਐਸ਼ ਫਿੱਕੇ, ਫਿੱਕੀ ਤੁੱਛ ਲੱਜ਼ਤ ਬਹਿਸ਼ਤੋਲਿਆਂ ਦੀ।
ਸੋਖੀ ਐਸ਼-ਇੰਦ੍ਰਾਸਣੀ ਤਿਆਗੀਆਂ ਨੂੰ, ਇਸ਼ਰਤ ਤਿਆਗਣੀ ਦੂਨ-ਦੁਨੀਓਲਿਆਂ ਦੀ।

ਲੈਂਦੇ ਸਾਰ ਹੀ ਲਪਟ ਲਪਟਾਇ ਗਏ, ਕਾਹਲੀ ਪ੍ਰੀਤ ਹੈ ਕਮਲ-ਬਿਧੋਲਿਆਂ ਦੀ।
ਬੀਧੇ ਬਾਂਧੜੇ ਹੁੱਟ ਸਘੁੱਟ ਹੋਏ, ਨਿਕਸੀ ਧੂਅ ਨ ਹੂਅ ਹਿਤੋਲਿਆਂ ਦੀ।

ਪ੍ਰਿਆ ਪ੍ਰੇਮ ਸਿਉਂ ਮਗਨ ਅਨੰਦ ਹੋਏ, ਸੁਰਤਿ ਸੁਧਿ ਨ ਸਰੀਰ ਅੰਗੋਲਿਆਂ ਦੀ।
ਸਾਬਤ ਰਾਸ ਸੱਚੀ, ਖੇਪ ਲਦ ਚਲੇ, ਹੋਈ ਅਦਾ ਅਮਾਨ ਚਿਰੋਲਿਆਂ ਦੀ।

['ਦਰਸ਼ਨ ਝਲਕਾਂ' ਪੁਸਤਕ ਵਿਚੋਂ



www.AKJ.Org

# ਗੁਰਬਾਣੀ ਪੜ੍ਹਨ, ਸੁਣਨ, ਗਾਉਣ ਤੇ ਲਿਖਣ ਦਾ ਫਲ

## ਤੇ ਨਾਮ ਦੀ ਪਾਰਸ-ਕਲਾ

[ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ ॥ [ਸ੍ਰਿਗੀ ਰਾਗੁ ਮ: ੫, ਪੰਨਾ ੮੧

ਬਾਣੀ ਗੁਰੂ ਰੂਪ ਹੈ, ਬਾਣੀ ਅੰਮ੍ਰਿਤ ਰੂਪ ਹੈ। ਅੰਮ੍ਰਿਤ ਬਾਣੀ ਇਉਂ ਹੈ ਕਿ ਇਸਦੇ ਪੜ੍ਹਨ ਸੁਣਨ ਮਾਤਰ ਨਾਲ ਹੀ ਪੜ੍ਹਨ ਸੁਣਨਹਾਰੇ ਦੇ ਮੁਖ ਅਤੇ ਕੰਨਾਂ ਵਿਖੇ ਅੰਮ੍ਰਿਤ ਪੈਂਦਾ ਹੈ।

ਬਾਣੀ ਗੁਰੂ ਰੂਪ ਇਸ ਕਰਕੇ ਹੈ ਕਿ ਜੋ ਕੁਛ ਗੁਰਬਾਣੀ ਕਹਿੰਦੀ ਹੈ, ਉਸ ਨੂੰ ਗੁਰਬਾਣੀ ਦਾ ਸੇਵਨ-ਹਾਰਾ ਗੁਰਸਿਖ ਮੰਨੇ ਤਾਂ ਉਸ ਦਾ ਪਰਤੱਖ ਨਿਸਤਾਰਾ ਹੋ ਜਾਂਦਾ ਹੈ, ਅਰਥਾਤ ਉਸ ਦੇ ਨਿਸਤਾਰਾ ਹੋਣ ਵਿਚ ਕੋਈ ਸੰਦੇਹ ਹੀ ਨਹੀਂ ਰਹਿੰਦਾ। ਯਥਾ ਗੁਰਵਾਕ :—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥

[ਨਟ ਮ: ੪, ਪੰਨਾ ੯੮੨

ਗੁਰਬਾਣੀ ਕੀ ਕਹਿੰਦੀ ਹੈ :—

ਪ੍ਰਭ ਬਾਣੀ ਸਬਦੁ ਸੁਭਾਖਿਆ ॥ ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥

[ਸੋਰਠਿ ਮ: ੫, ਪੰਨਾ ੬੧੧

ਗੁਰਬਾਣੀ ਗਾਵਹੁ ਭਾਈ ॥ ਓਹ ਸਫਲ ਸਦਾ ਸੁਖਦਾਈ ॥ [ਸੋਰਠਿ ਮ: ੫, ਪੰਨਾ ੬੨੯

ਭਾਵ—ਗੁਰਬਾਣੀ ਦਾ ਗਾਵਣਾ, ਪੜ੍ਹਨਾ, ਸੁਣਨਾ ਹੀ ਹਰ ਸਮੇਂ ਸੁਖਦਾਈ ਹੈ, ਭਾਵੇਂ ਕਿਸੇ ਵੇਲੇ ਗਾਵਹੁ, ਪੜਹੁ, ਸੁਣਹੁ। ਏਥੇ ਹੋਰ ਫ਼ਿਲਾਸਫ਼ੀ ਛਾਂਟਣ ਦੀ ਲੋੜ ਨਹੀਂ। **ਆਪਣੀ ਮੈਲੀ ਮਤ ਬੁਧ ਸੋਚ ਵਿਚਾਰ ਦੀ ਏਥੇ ਕੁਛ ਨਹੀਂ ਵਟੀਦੀ। ਇਹ ਸਭ ਮੈਲੀਆਂ ਚੀਜ਼ਾਂ ਹਨ। ਏਹਨਾਂ ਤਾਂ ਪਾਰਸ ਰੂਪ ਅੰਮ੍ਰਿਤ ਬਾਣੀ ਦੇ ਨਾਲ ਸੁਪਰਸ ਹੋ ਕੇ ਮੈਲਿਓਂ ਨਿਰਮਲ ਹੋਣਾ ਹੈ। ਮੈਲੀਆਂ ਵਸਤਾਂ ਦੇ ਮਾਲਕਾਂ ਦੀ ਕੀ ਤਾਕਤ ਹੈ ਕਿ ਨਿਰਮਲ ਅੰਮ੍ਰਿਤ ਬਾਣੀ ਦੀ ਅਰਥ-ਵਿਚਾਰ-ਮਈ ਕੋਈ ਕਾਂਟ ਛਾਂਟ ਕਰ ਸਕਣ ਅਤੇ ਹੀਲ ਹੁੱਜਤ ਅਗੇ ਡਾਹ ਸਕਣ। ਏਹ ਬਪੁੜੀਆਂ ਵਿਚਾਰ-ਬੁਧੀਆਂ ਉਰੇ ਉਰੇ ਹੀ ਰਹਿ ਜਾਂਦੀਆਂ ਹਨ।** ਤ੍ਰੈਗੁਣੀ ਅਲਪ-ਮਤੀ ਲੋਕਾਂ ਦੀ, ਤੁਰੀਆ ਗੁਣੀ ਗੁਰਬਾਣੀ ਤਾਈਂ ਕੀ ਦਸੰਤਰਸ ਹੋ ਸਕਦੀ ਹੈ ? ਕਖ ਭੀ ਨਹੀਂ।

ਮਨਿ ਹਰਿ ਕੀਰਤਿ ਕਰਿ ਸਦਹੂੰ ॥ ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ ॥

[ਦੇਵ ਗੰਧਾਰੀ ਮ: ੫, ਪੰਨਾ ੫੨੯

ਇਹ ਗੁਰਵਾਕ ਇਸ ਗੱਲ ਨੂੰ ਹੋਰ ਭੀ ਨਿਸਚਿਤ ਕਰਾਉਂਦਾ ਹੈ ਕਿ ਗੁਰਬਾਣੀ ਦਾ ਗਾਵਣਾ, ਸੁਣਨਾ, ਪੜ੍ਹਨਾ ਹੀ ਪਾਰਸ ਕਲਾ ਪਰਬੀਨ ਹੈ, ਅੰਮ੍ਰਿਤ ਬਾਣੀ ਜੁ ਹੋਈ। ਨਹੀਂ ਤਾਂ ਹੋਰ ਕੱਚੀ ਬਾਣੀ ਦੇ ਗੀਤ ਭਾਵੇਂ ਕਿਤਨੇ ਹੀ ਗਾਈ ਜਾਵੋ, ਪੜ੍ਹੀ ਸੁਣੀ ਜਾਵੋ, ਪਾਰਸ-ਕਲਾ ਵਰਤਦੀ ਹੀ ਨਹੀਂ। ਪਾਰਸ ਕਲਾ ਤਾਂ ਕੀ ਵਰਤਣੀ ਸੀ, ਸਗੋਂ ਇਸ ਕੱਚੀ ਬਾਣੀ ਦੇ ਕਥਤਿਆਂ, ਬਕਤਿਆਂ ਅਤੇ ਸ੍ਰੋਤਿਆਂ ਨੂੰ ਗੁਰੂ ਸਾਹਿਬ ਕਚ ਪਿਚ ਰਚੇ ਕੱਚੇ ਕਹਿ ਕੇ ਪੁਕਾਰਦੇ ਹਨ। ਯਥਾ ਗੁਰਵਾਕ :—

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ। ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥

[ਰਾਮਕਲੀ ਮ: ੩ ਅਨੰਦੁ, ਪੰਨਾ ੯੨੦

ਕੱਚੀ ਬਾਣੀ ਨੂੰ ਭਾਵੇਂ ਦਿਨ ਰਾਤ ਸਾਰੀ ਅਵਰਦਾ ਹੀ ਗਾਵੀ ਜਾਵੇ ਅਤੇ ਪੜ੍ਹੀ ਸੁਣੀ ਜਾਵੋ, ਬਸ ਕਚਿਆਣ ਵਰਤੇਗੀ। ਇਸ ਦੇ ਪੜ੍ਹਨ ਸੁਣਨ, ਗਾਉਣ-ਹਾਰਿਆਂ ਵਿਚ ਕਚਿਆਣਤਾ ਹੀ ਵਰਤੀ ਰਹੇਗੀ। ਇਹ ਕਚ-ਕੁਬਾਣੀ ਕਚਿਆਂ, ਮਾਇਆ-ਰਚਿਆਂ, ਅਲਪ ਮਾਣੂਆਂ ਦੀ ਰਚੀ ਹੋਈ ਜੁ ਹੋਈ। ਏਸੇ ਕਚਿਆਣ ਕੁ-ਕਲਾ ਦੇ ਕਾਰਨ ਤਾਂ ਕੁਬਾਣੀਆਂ ਦਾ ਗਾਵਣਾ ਹਰਿ-



www.AKJ.Org

ਕੀਰਤਨ ਤੁਲ ਨਹੀਂ ਹੋ ਸਕਦਾ, ਭਾਵੇਂ ਕੋਟਿ ਕਲਾ-ਸੰਗੀਤ ਵਿਦਿਆ ਦੇ ਗਵੱਈਏ ਇਸ ਕੁਬਾਨੀ ਕੱਚੀ ਬਾਨੀ ਨੂੰ ਸਿਰ ਖਪਾ ਖਪਾ ਕੇ ਗਾਵਣ। ਗਾਇਨ ਵਿਦਿਆ ਹਰਿ-ਜਸ ਗੁਰਬਾਨੀ ਦੇ ਕੀਰਤਨ ਰਹੱਸ ਤੋਂ ਸੁੰਨੀ ਅਤੇ ਊਰੀ ਸੰਗੀਤ ਵਿਦਿਆ ਹਰਗਿਜ਼ ਹਰਗਿਜ਼ ਕਲਿਆਣ-ਕਾਰੀ ਨਹੀਂ ਹੋ ਸਕਦੀ, ਕਿਉਂਕਿ ਉਹ ਗੁਰਬਾਨੀ ਦੇ ਕਲਾ-ਕੀਰਤਨੀ ਅੰਮ੍ਰਿਤ ਰਹੱਸ ਤੋਂ ਖ਼ਾਲੀ ਹੈ। ਗੰਧਰਬਾਂ ਦੀਆਂ ਨਾਨਾ ਪ੍ਰਕਾਰੀ ਤਾਨਾਰੀਰੀਆਂ ਕਿਸੇ ਕੰਮ ਨਹੀਂ ਆਉਂਦੀਆਂ, ਅਤੇ ਕਿਸੇ ਲੇਖੇ ਭੀ ਨਹੀਂ ਪੈਂਦੀਆਂ, ਸਿਵਾਏ ਇਸ ਦੇ ਕਿ ਇਸ ਦੀ ਕੁਚੇਸ਼ਟਾ, ਇਸ ਦੇ ਚੇਟਕੀਆਂ ਨੂੰ ਕੁਟਲ ਕੁਚੀਲਤਾ ਦੇ ਅੰਧ ਰੂਪ ਵਿਖੇ ਲਿਜਾ ਗਿਰਾ ਦੇਵੇ।

ਸਾਇੰਸ ਵਿਦਿਆ ਦੀ ਚੁੰਧਿਆਈ ਹੋਈ ਅਕਲ ਦੇ ਚੋੜ-ਚਾਨਣੀ ਸਿਆਣੇ ਅੰਮ੍ਰਿਤ ਬਾਣੀ ਦੇ ਆਕਰਖਾਣੀ ਅਸਰ ਤੋਂ ਤਾਂ ਉਕੇ ਹੀ ਮੁਨਕਰ ਹਨ, ਪਰੰਤੂ ਰਚਨਹਾਰ ਦੇ ਰਚਿਤ ਪਦਾਰਥਾਂ ਦੀ ਮਾਇਕ ਸ਼ਕਤੀ ਦੇ ਮਿਕਨਾਤੀਸੀ ਅਸਰ ਦੇ ਬੜੇ ਕਾਇਲ ਹਨ। ਜੈਸੇ ਕਿ ਅਸਾਡੇ ਆਮ ਜਨਤਾ ਅਪਣਾਏ ਜਰਨਲਿਸਟ ਜੀ ਆਪਣੇ ਲੇਖ ਵਿਖੇ ਇਸ ਬਿਧ ਐਲਾਨੀਆ ਲਿਖਦੇ ਹਨ :

"ਇਸ ਜਹਾਨ ਵਿਚ ਬੇਅੰਤ ਤਾਕਤਾਂ ਹਨ, ਜੋ ਸਾਡੇ ਉਤੇ ਅਸਰ ਕਰ ਰਹੀਆਂ ਹਨ। ਜ਼ਮੀਨ, ਖਾਣਾ, ਪੀਣਾ, ਹਵਾ, ਚੰਦ, ਸੂਰਜ, ਤਾਰੇ, ਰੁਤ, ਬੇਅੰਤ ਜਾਨਵਰ, ਬੇਅੰਤ ਆਦਮੀ ,ਤੇ ਹੋਰ ਹਰ ਤਰ੍ਹਾਂ ਦੀ ਪੈਦਾਇਸ਼ ਸਭ ਸਾਡੇ ਖ਼ਿਆਲਾਂ ਉਤੇ ਅਸਰ ਕਰਦੀ ਹੈ, ਪਰ ਗੁਰਬਾਣੀ ਅਸਰ ਨਹੀਂ ਕਰਦੀ।"

ਇਹ ਗੁਰਬਾਣੀ-ਅਕਸੀਰ-ਅਸਰ, ਮਾਇਆ ਨਾਲ ਮਨੂਰ ਹੋਈਆਂ ਬਿਰਤੀਆਂ ਤੇ ਬੁਧੀਆਂ ਨੂੰ ਪੋਂਹਦਾ ਜੁ ਨਹੀਂ, ਨੀਚੇ ਦਰਜੇ ਦੇ ਕਚ-ਪਿਚੀ ਪਦਾਰਥਾਂ ਦੇ ਅਸਰ ਝਟ ਪਟ ਹੋ ਜਾਂਦੇ ਹਨ। ਤ੍ਰੈਗੁਣੀ ਪਦਾਰਥਾਂ ਦੇ ਅਸਰ ਨੂੰ ਤ੍ਰੈਗੁਣੀ ਰਚਨਾ ਦੀ ਘਾੜਤ ਬੁਧੀ ਇਕ ਦਮ ਕਬੂਲ ਕਰ ਲੈਂਦੀ ਹੈ, ਇਸ ਕਰਕੇ ਉਕਤ ਪਦਾਰਥਾਂ ਵਲ ਉਹ ਹੋਰ ਹੋਰ ਖਿਚੀਂਦੀ ਤੁਰੀ ਜਾਂਦੀ ਹੈ। ਪਰਬਲ ਰੁਚੀ ਹੋਣ ਕਰਕੇ ਬਾਰੰਬਾਰ ਉਹ ਉਹਨਾਂ ਪਦਾਰਥਾਂ ਨੂੰ ਪਰਸਣ ਲਈ ਹੱਥ ਪਸਾਰਦੀ ਹੈ। ਪਰਸਣ ਦੀ ਦੇਰ ਹੈ ਕਿ ਤਾਬੜਤੋੜ ਅਸਰ ਹੋ ਜਾਂਦਾ ਹੈ, ਭਾਵੇਂ ਭੈੜਾ ਅਸਰ ਹੀ ਹੋਵੇ। ਪਰ ਹਨੇਰ ਤਾਂ ਇਹ ਹੈ ਕਿ ਬੁਰਾ ਅਸਰ ਹੁੰਦੇ ਹੋਇਆਂ ਭੀ ਉਹਨਾਂ ਪਦਾਰਥਾਂ ਵਲ ਜਾਣ ਬੁਝ ਕੇ ਦੌੜੀਦਾ ਹੈ। ਤੁਰੀਆ ਗੁਣੀ ਸਤਿ ਪਦਾਰਥ ਅੰਮ੍ਰਿਤ ਬਾਣੀ ਵਲ ਮਾਇਆ ਮਲ-ਭਖਧਾਰੀਆਂ ਦੀ ਰੁਚੀ ਹੀ ਨਹੀਂ ਜਾਂਦੀ। ਉਹ ਇਸ ਅਲੌਕਿਕ ਅਤੇ ਅਮੋਲਕ ਪਦਾਰਥ ਨੂੰ ਪਸਰਦੇ ਹੀ ਨਹੀਂ, ਫੇਰ ਪਾਰਸ-ਕਲਾ ਦਾ ਆਕਰਖਣੀ ਅਸਰ ਕਿਵੇਂ ਹੋਵੇ :

ਲੋਹਾ ਕੰਚਨੁ ਹਿਰਨ ਹੋਇ ਕੈਸੇ
ਜੋ ਪਾਰਸਹਿ ਨ ਪਰਸੈ ॥

[ਰਾਮਕਲੀ ਰਵਿਦਾਸ ਜੀ, ਪੰਨਾ ੯੭੩

ਲੋਹਾ ਹਿਰਨੁ ਹੋਵੈ ਸੰਗਿ ਪਾਰਸ
ਗੁਨੁ ਪਾਰਸ ਕੋ ਹੋਇ ਆਵੈਗੋ ॥

[ਕਾਨੜਾ ਮ: ੪, ਪੰਨਾ ੧੩੧੧

ਪਾਰਸ-ਰਸਾਇਣੀ ਅਕਸੀਰ ਅੰਮ੍ਰਿਤ ਬਾਣੀ ਦਾ ਇਸ ਵਿਚ ਕੋਈ ਕਸੂਰ ਨਹੀਂ। ਇਸ ਦਾ ਆਕਰਖਣੀ ਅਸਰ ਹੈ, ਪਰ ਇਸ ਨੂੰ ਕਬੂਲ ਕਰਨ ਵਾਲੀਆਂ ਰੁਚੀਆਂ ਹੀ ਨਹੀਂ ਹਨ। ਰੁਚੀਆਂ ਨੇ ਅਸਰ ਪਜ਼ੀਰ ਤਾਂ ਕੀ ਹੋਣਾ ਸੀ, ਉਹਨਾਂ ਨੂੰ ਤਾਂ ਇਸ ਅਕਸੀਰ ਦੇ ਭੰਡਣ ਦੀ ਰੁਚੀ ਪਰਬਲ ਹੋ ਕੇ ਚਿੰਬੜੀ ਹੋਈ ਹੈ, ਤਾਂ ਹੀ ਉਹ ਦੁਹਾਈਆਂ ਦੇ ਦੇ ਕੇ ਲੋਕਾਂ ਨੂੰ ਵਰਗਲਾ ਭੁਚਲਾ ਰਹੇ ਹਨ ਕਿ 'ਵਾਹਿਗੁਰੂ ਵਾਹਿਗੁਰੂ' ਕਹਿਣ ਵਿਚ ਕੀ ਵਾਧਾ ਹੈ, ਜੇ 'ਪੱਥਰ ਪੱਥਰ' ਕਹਿ ਲਓ, ਇਕ ਸਾਰ ਹੀ ਹੈ। ਉਹਨਾਂ ਨੂੰ ਅੰਮ੍ਰਿਤ ਬਾਣੀ ਦੀ ਸਾਰ ਹੀ ਕੀ ? ਸਾਰ ਤਿਨ੍ਹਾਂ ਨੂੰ ਹੈ ਜਿਨ੍ਹਾਂ ਅੰਮ੍ਰਿਤ ਬਾਣੀ, ਅੰਮ੍ਰਿਤ ਨਾਮ ਨੂੰ ਪਾਰਸ ਭੁੰਚ ਕੇ ਸਚਾ ਅੰਮ੍ਰਿਤ ਰਸ ਚਖਿਆ ਹੈ।

ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ
ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ
ਰਾਮ ॥ ਅੰਮ੍ਰਿਤ ਬਾਣੀ ਭਗਤ ਜਨਾ ਕੀ
ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ



www.AKJ.Org

ਲਾਏ ਰਾਮ ॥ [ਬਿਹਾਗੜਾ ਮ: ੪, ਪੰਨਾ ੫੩੮
ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ ॥

[ਬਿਹਾਗੜਾ ਮ ੪, ਪੰਨਾ ੫੩੮

ਦੇਖੀ ਪਾਰਸ-ਕਲਾ ਗੁਰਮਤਿ ਨਾਮ ਦੀ ਅਤੇ ਅੰਮ੍ਰਿਤ ਬਾਣੀ ਦੀ ! ਕੀ ਕੁਛ ਕੌਤਕ ਵਰਤਿਆ ! ਇਸ ਪਾਰਸ ਰੂਪੀ ਅੰਮ੍ਰਿਤ ਬਾਣੀ ਨੂੰ ਬਾਣੀ-ਗਮਰੁਠ ਅਗਿਆਨੀ ਕਹਿੰਦੇ ਹਨ, ਕੀ ਬਾਰ ਬਾਰ ਜਪਣਾ ਹੈ ਅਤੇ ਮੁੜ ਮੁੜ ਪੜ੍ਹਨਾ ਹੈ । ਇਸ ਕਲਾ-ਕਉਤਕੀ ਅਕਸੀਰ ਤਾਸੀਰ ਵਾਲੇ ਅੰਮ੍ਰਿਤ ਨਾਮ ਨੂੰ ਏਹ ਅਨ-ਜਾਣ ਆਖਦੇ ਹਨ ਕਿ ਕੀ ਬਕਰੀ ਵਾਂਗੂੰ ਮੂੰਹ ਮਾਰਨਾ ਹੈ, ਪਰ ਗੁਰੂ ਸਾਹਿਬ ਦਾ ਪਵਿੱਤਰ ਹੁਕਮ ਇਹ ਹੈ; ਗੁਰਵਾਕ :—

ਉਚਰਹੁ ਰਾਮ ਨਾਮੁ ਲਖ ਬਾਰੀ ॥
ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥

[ਗਉੜੀ ਮ: ੫, ਪੰਨਾ ੧੯੪

ਤਥਾ—ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥ ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਅਰਾਧੇ ਮੇਰਾ ਰਾਮ ॥...... ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥ ਸੁਣਿ ਸੁਣਿ ਇਹੁ ਮਨੁ ਨਿਰਮਲ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥ ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥ ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥ ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥ ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥

[ਸੂਹੀ ਮ: ੫, ਪੰਨਾ ੭੮੦

ਵਾਹ ! ਕਿਆ ਅਮੋਘ ਬਚਨ ਰੂਪੀ ਬਾਣ ਸ੍ਰੀ ਸਤਿਗੁਰ ਜੀ ਨੇ ਵਾਹੇ ਹਨ ! ਲਖ ਲਖ ਵਾਰ, ਲਗਾਤਾਰ, ਇਕੇ ਸਾਹ, ਇਕ ਤਾਰ, ਨਾਮ ਜਪਣ ਦਾ, ਜਪੀ ਜਾਣ ਦਾ, ਦਿਨਸ ਰਾਤ, ਸਾਸਿ ਗਿਰਾਸਿ ਜਪੀ ਜਾਣ ਦਾ ਸ੍ਰੀ ਸਤਿਗੁਰੂ ਸਾਹਿਬ ਦਾ ਬੜਾ ਕਰੜਾ ਅਤੇ ਤਾਕੀਦੀ ਹੁਕਮ ਹੈ । ਅਜਿਹੇ ਹੁਕਮਾਂ ਰੂਪ ਗੁਰਵਾਕਾਂ ਨਾਲ ਸ੍ਰੀ ਸਤਿਗੁਰੂ ਸਾਹਿਬ ਦੀ ਸਾਮਗਰ ਬਾਣੀ ਭਰੀ ਪਈ ਹੈ । ਉਦਾਹਰਨ ਵਜੋਂ :—

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥

[ਸਿਰੀ ਰਾਗੁ ਮ: ੧, ਪੰਨਾ ੨੦

(ਪੁਸਤਕ "ਗੁਰਮਤਿ ਨਾਮ ਅਭਿਆਸ ਕਮਾਈ" ਵਿਚੋਂ)

---

## ਪੋਥੀ ਪਰਮੇਸਰ ਕਾ ਥਾਨੁ—

ਗੁਰਬਾਣੀ ਸਾਡਾ ਇਸ਼ਟ ਹੈ, ਗੁਰਬਾਣੀ ਸਾਡਾ ਸਤਿਗੁਰੂ ਹੈ । ਗੁਰਬਾਣੀ ਦਾ ਸਤਿਕਾਰ ਹਰੇਕ ਰੂਪ ਵਿਚ ਕਰਨਾ ਗੁਰੂ ਕੇ ਸਿਖਾਂ ਲਈ ਲਾਜ਼ਮੀ ਹੈ ।

ਗੁਰਬਾਣੀ ਦੀਆਂ ਪੋਥੀਆਂ ਤੇ ਗੁਟਕੇ ਸਦਾ ਸਾਫ਼ ਸੁਥਰੇ ਰੁਮਾਲਿਆਂ ਵਿਚ ਸੰਭਾਲ ਕੇ ਰਖਣੇ ਬਣਦੇ ਹਨ । ਗੋਡਿਆਂ, ਪਜਾਮਿਆਂ, ਮੈਲਿਆਂ ਕਪੜਿਆਂ ਅਤੇ ਭੁੰਞੇ ਰਖਣਾ, ਗੁਰਬਾਣੀ ਦਾ ਅਪਮਾਨ ਹੈ ।

ਜਿਥੋਂ ਤਕ ਹੋ ਸਕੇ, ਗੁਰਬਾਣੀ ਕੰਠ ਕੀਤੀ ਜਾਵੇ । ਸ਼ਬਦ-ਕੀਰਤਨ ਲਈ ਕੰਠ ਬਾਣੀ ਗੁਰੂ-ਚਰਨਾਂ ਵਿਚ ਜੁੜਨ ਲਈ ਵਧੇਰੇ ਸਹਾਈ ਹੁੰਦੀ ਹੈ । ਜਦੋਂ ਪੋਥੀ ਦੀ ਸਹਾਇਤਾ ਨਾਲ ਵੀ ਕੀਰਤਨ ਕਰਨਾ ਪਵੇ ਤਾਂ ਪੋਥੀ ਦੇ ਸਤਿਕਾਰ ਲਈ ਰੁਮਾਲਾ ਜ਼ਰੂਰ ਰਖੀਏ ।



www.AKJ.Org

# ਅੰਮ੍ਰਿਤਧਾਰੀ ਨਾਮ-ਰਸੀਆਂ ਦਾ ਸਜਾਇਆ ਲੰਗਰ ਹੀ

## ਗੁਰੂ ਕਾ ਲੰਗਰ ਹੈ

[ ਵਲੋਂ :--ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਅੰਮ੍ਰਿਤ-ਧਾਰੀ ਸਿੰਘ ਸੂਜਨ ਖ਼ਾਲਸਾ ਵੀਰ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਨਾਮ ਦੇ ਫੁਹਾਰੇ ਛੁਟਦੇ ਹਨ। ਉਸ ਦੇ ਰਿਦੰਤਰੀ ਤਹਿਖ਼ਾਨੇ ਅੰਦਰ ਸਤ ਸੰਤੋਖ ਦੀ ਵਾਸ ਸਗੰਧੀ ਮਹਿਕਦੀ ਹੈ। ਉਸ ਦੇ ਸੇਵਾ-ਪੁਰਸ਼ਾਰਥੀ ਅਤੇ ਉਦਮੀ ਸੁਭਾਵ ਅੰਦਰ ਸਦਾ ਚੜ੍ਹਦੀ ਕਲਾ ਵਾਲਾ ਆਤਮ-ਤ੍ਰੰਗੀ ਉਤਸ਼ਾਹ ਠਾਠਾਂ ਮਾਰਦਾ ਹੈ। ਉਸ ਦੇ ਅੰਮ੍ਰਿਤ ਬੁਰਕੜੇ ਨੂਰਾਨੀ ਮੁਖਾਰਬਿੰਦ ਤੋਂ ਅੰਮ੍ਰਿਤ-ਬਾਣੀ ਦੀ ਬਰਖਾ ਦੇ ਫੁਹਾਰੇ ਛੁਟਦੇ ਹਨ । ਉਸ ਦੀ ਸਾਰੀ ਪ੍ਰੇਮ-ਮਗਨ ਅਨੰਦੀ ਦਸ਼ਾ ਦਾ ਪ੍ਰਤੀਬਿੰਬ (ਅਕਸ) ਪ੍ਰਸ਼ਾਦ ਤਿਆਰੀ ਦੀ ਘਾਲਨਾ ਉਪਰ ਅਜਿਹਾ ਪੈਂਦਾ ਹੈ ਕਿ ਉਸ ਦੀ ਬਿਬੇਕ ਘਾਲ ਦਾ ਸਜਿਆ ਪ੍ਰਸਾਦ ਸਚ ਮੁਚ ਸਤੋ-ਗੁਣੀਆ ਅੰਮ੍ਰਿਤ-ਭੋਜਨ ਬਣ ਜਾਂਦਾ ਹੈ। ਜਿਨ੍ਹਾਂ ਨੇ ਇਸ ਨੂੰ ਚਖਿਆ ਹੈ, ਸੋਈ ਇਸ ਦੀ ਸਾਰ ਜਾਣਦੇ ਹਨ । ਅਜਿਹਾ ਪ੍ਰਸਾਦੁ ਭੋਜਨ ਬਿਬੇਕ ਪ੍ਰਸਾਦੁ'' ਦੇ ਨਾਉਂ ਤੋਂ ਪਰਸਿਧ ਹੈ। ਇਹ ''ਬਿਬੇਕ ਪ੍ਰਸਾਦ ਕੇਵਲ ਗੁਰੂ ਕੇ ਲੰਗਰਾਂ ਵਿਚ ਸਜਦਾ ਹੈ। ਐਸਾ ਭੋਜਨ ਪ੍ਰਸਾਦ ਕੇਵਲ ਗੁਰੂ ਘਰ ਕੇ ਸਿੰਘ-ਸੂਜਨਾਂ ਬਿਬੇਕੀ ਜਨਾਂ ਦੀ ਘਾਲੀ ਬਿਬੇਕ ਘਾਲ ਤੋਂ ਸਜ ਸਕਦਾ ਹੈ । ਗੁਰੂ ਕੇ ਬਿਬੇਕੀ ਦਾ ਬਿਬੇਕ ਬਿੰਜਨ-ਅਸਥਾਨ ਜਿਥੇ ਭੀ ਹੈ, ਉਹ ਗੁਰੂ ਕਾ ਲੰਗਰ ਹੈ। ਗੁਰੂ ਕਾ ਲੰਗਰ ਸੋ ਹੈ ਜਿਥੋਂ ਆਤਮ-ਗਉਣੀ ਅਭਿਆਗਤ ਵਰੋਸਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੋਂ ਅਧਿਕਾਰੀ ਖੁਧਿਆਵੰਤ ਅਹਾਰ ਪਾਉਂਦੇ ਹਨ । ਗੁਰੂ ਕਾ ਲੰਗਰ ਸੋ ਹੈ ਜਿਥੋਂ ਅਹਾਰ ਪਾ ਕੇ ਪਰਮ ਤ੍ਰਿਸ਼ਨਾਲੂ ਭੀ ਤ੍ਰਿਪਤਾਉਂਦੇ ਹਨ । ਗੁਰੂ ਕਾ ਲੰਗਰ ਸੋ ਹੈ ਜਿਥੇ ਗੁਰੂ ਕੀਆਂ ਸੰਗਤਾਂ ਦੀਆਂ ਪੰਗਤਾਂ ਲਗਦੀਆਂ ਹਨ। ਗੁਰੂ ਕਾ ਲੰਗਰ ਸੋ ਹੈ ਜਿਥੇ ਗੱਫੇ ਲਾ ਕੇ ਗੁਰੂ ਕੀ ਹੋਣਹਾਰੀ ਪਨੀਰੀ ਗੁਰੂ ਕੀ ਹੀ ਹੋ ਰਹਿੰਦੀ ਹੈ। ਪਰ ਗੁਰੂ ਕਾ ਲੰਗਰ ਸੋ ਹੈ ਜਿਥੇ ਕੇਵਲ ਗੁਰੂ ਕੀਆਂ ਤਿਆਰ ਬਰ ਤਿਆਰ ਫ਼ੌਜਾਂ ਹੀ ਲੰਗਰ ਸਜਾਉ ਦੀਆਂ ਹਨ। ਜਿਸ ਲੰਗਰ ਵਿਖੇ ਗੁਰੂ ਕੇ ਰਹਿਤਵਾਨ ਬਿਬੇਕੀ ਸਿੰਘ, ਆਪਣੀ ਬਿਬੇਕ ਘਾਲਣਾ ਦੁਆਰਾ ਘਾਲਿਆ ਰਹਿਤ ਬਹਿਤ ਦਾ ਬਿਬੇਕ ਪ੍ਰਸ਼ਾਦ ਤਿਆਰ ਨਹੀਂ ਕਰਦੇ, ਉਹ ਗੁਰੂ ਕਾ ਲੰਗਰ ਕੇਹਾ ? **ਗੁਰੂ ਕਾ ਲਗਰ ਸੋ ਹੈ ਜਿਥੇ ਪ੍ਰਸਾਦ ਦੇ ਸਜਾਵੇ ਤੇ ਵਰਤਾਵੇ ਗੁਰੂ ਕੇ ਸਿੰਘ ਹੋਣ।** ਗੁਰੂ ਕਾ ਲੰਗਰ ਸੋ ਹੈ ਜਿਥੇ 'ਸਤੀ ਦੇਇ ਸੰਤੋਖੀ ਖਾਇ' ਵਾਲਾ ਵਰਤਾਰਾ ਵਰਤਦਾ ਹੋਵੇ। ਗੁਰੂ ਕਾ ਲੰਗਰ ਸੋ ਹੈ ਜਿਥੇ ਲੰਗਰ ਦੇ ਸੇਵਾਦਾਰ ਸਾਰੇ ਤਿਆਰ ਬਰ ਤਿਆਰ ਰਹਿਤਵਾਨ ਸਤੋ ਗੁਣੀ ਸਿੰਘ ਸੁਜਾਨ ਹੋਣ।

''ਸੇਵਕ ਕਉ ਸੇਵਾ ਬਨਿ ਆਈ''

ਗੁਰਵਾਕ ਦੇ ਭਾਵ ਅਨੁਸਾਰ ਬਿਨਾਂ ਗੁਰੂ ਘਰ ਦੇ ਸੇਵਕਾਂ ਦੇ, ਗੁਰੂ ਕੇ ਲੰਗਰ ਦੀ ਸੇਵਾ ਦੀ ਸਾਰ ਹੀ ਹੋਰ ਕਿਸੇ ਨੂੰ ਕੀ ? ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਘਰ ਦਾ ਨਿਰਮਾਣ ਸੇਵਕ ਹੋਵੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਕੀਆਂ ਸੰਗਤਾਂ ਵਿਖੇ ਗੁਰੂ ਰੂਪ ਹੀ ਦੇਖੇ । ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜਿਸ ਦੀ ਸਮਦ੍ਰਿਸ਼ਟੀ ਊਚ ਨੀਚ ਉਤੇ ਸਮਾਨ ਹੋਵੇ। ਗੁਰੂ ਕੀ ਸੇਵਾ ਜੋ ਸੰਗਤਾਂ ਦੀ ਸੇਵਾ ਵਿਚ ਸਮਝੇ, ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਜੋ ਪੂਰਨ ਧਰਮੀ ਗੁਰਮਤਿ ਧਾਰੀ, ਗੁਰੂ ਕਾ ਆਗਿਆਕਾਰੀ ਸਿੰਘ ਸੁਜਾਨ ਹੋਵੇ ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਗੁਰੂ ਕੇ ਲੰਗਰ ਵਿਚ ਉਸ ਆਤਮ-ਵਿਵਸਥਾ ਦੇ ਖਿਡਾਰੀ ਕਲਾਧਾਰੀ ਸਿੰਘਾਂ ਤੋਂ ਬਿਨਾਂ, ਸਾਮਾਨ ਸਾਧਾਰਨ ਰਹਿਤ ਰਹਿਣੀ ਵਾਲੇ ਹੁਕਮਾਂ ਦੇ ਕਮਾਵਣਹਾਰੇ ਤਿਆਰ ਬਰ ਤਿਆਰ ਸਿੰਘ ਭੀ ਸੇਵਾ ਦਾ ਅਧਿਕਾਰ ਰਖਦੇ ਹਨ। ਪ੍ਰੰਤੂ ਇਸ ਰਹਿਤ ਰਹਿਣੀ, ਅਰਥਾਤ ਅੰਮ੍ਰਿਤ ਛਕਣ ਦੇ ਸਮੇਂ ਦੀ ਰਹਿਤ ਰਹਿਣੀ, ਭਾਵ ''ਸਤਿਗੁਰ ਕੈ ਜਨਮੈ ਗਵਨੁ ਮਿਟਾਇਐ'' (੯੪੦) ਗੁਰਵਾਕ ਦੇ ਭਾਵ ਅਨੁਸਾਰ



www.AKJ.Org

ਗੁਰੂ ਘਰ ਵਿਖੇ ਜਨਮ ਲੈਣ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਦੀ ਕਮਾਈ ਵਾਲੀ ਰਹਿਤ ਰਹਿਣੀ ਤੋਂ ਰਹੇ ਹੋਏ (ਡਿਗੇ ਹੋਏ) ਤਨਖ਼ਾਹੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਨਹੀਂ, ਜਦ ਤੀਕ ਕਿ ਉਹ ਤਨਖ਼ਾਹ ਨਾ ਬਖਸ਼ਾ ਲੈਣ ਅਤ ਉਹਨਾਂ ਦੀ ਲੰਗਰ ਦੀ ਸੇਵਾ ਹਿਤ ਤਿਆਰ ਬਰ ਤਿਆਰੀ ਦਾ ਅੰਰਦਾਸਾ ਨਾ ਸੁਧ ਜਾਵੇ। ਜਦ ਗੁਰੂ ਘਰ ਵਿਚ ਆ ਕੇ (ਜਨਮ ਕੇ) ਫੇਰ ਤਨਖ਼ਾਹੀ ਹੋਣ, ਵਾਲਿਆਂ ਦਾ ਕੋਈ ਹੱਕ ਅਧਿਕਾਰ ਗੁਰੂ ਕੇ ਲੰਗਰ ਦੀ ਸੇਵਾ ਲਈ ਨਹੀਂ ਹੋ ਸਕਦਾ, ਤਦ ਗੁਰਮਤਿ ਤੋਂ ਘੁਥੇ ਉਕੇ ਅਨਮਤੀਆ ਅਤੇ ਬੇਧਰਮੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਕਦ ਹੋ ਸਕਦਾ ਹੈ। ਉਹ ਕੀ ਜਾਨਣ ਸਾਰ ਗੁਰੂ ਕੇ ਲੰਗਰ ਦੀ ਸੇਵਾ ਦੀ, ਜੋ ਧਰਮ-ਹੀਣੇ ਨਿਗੁਰੇ ਅਨਮਤੀ ਹਨ। ਗੁਰੂ ਕੇ ਲੰਗਰ ਦੀ ਸੇਵਾ ਲਈ ਗੁਰੂ ਕੇ ਸਿਖਾਂ ਦੀ ਮੋਹਰ ਛਾਪ ਹੈ। ਨਹੀਂ ਤਾਂ ਉਹ ਗੁਰੂ ਕਾ ਲੰਗਰ ਨਹੀਂ; ਮਿਲਗੋਭਾ ਲੰਗਰ ਹੈ। ਗੁਰੂ ਕਾ ਲੰਗਰ ਤਿਸ ਨੂੰ ਮਤ ਕਹੋ, ਜਿਸ ਦੇ ਸੇਵਕਾਂ ਸਿਰ ਗੁਰੂ ਕੀ ਮੋਹਰ ਛਾਪ ਨਹੀਂ। ਸਤਿਗੁਰੂ ਨਾਨਕ ਦਸਮੇਸ਼ ਜੀ ਦੇ ਘਰ ਤੋਂ ਬਾਹਰ ਜੋ ਭੀ ਲੰਗਰ ਹਨ, ਸੋ ਗੁਰੂ ਕੇ ਲੰਗਰ ਨਹੀਂ ਕਹਾ ਸਕਦੇ।

"ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ
ਕਾ ਹੈ ਨਾਉ ਬੁਰਾ ॥" (੪੩੫)

ਜਿਨ੍ਹਾਂ ਗੁਰੂ ਘਰ ਵਿਖੇ ਗੁਰੂ ਕਾ, ਖੰਡੇ ਦਾ ਅੰਮ੍ਰਿਤ ਛਕ, ਗੁਰੂ ਧਾਰਨ ਨਹੀਂ ਕੀਤਾ, ਉਹ ਸਭ ਨਿਗੁਰੇ ਹਨ। ਨਿਗੁਰੇ ਗੁਰੂ ਕੇ ਲੰਗਰ ਅੰਦਰ ਸ਼ਾਮਲ ਨਹੀਂ ਹੋ ਸਕਦੇ। ਜਿਥੇ ਨਿਗੁਰੇ ਸੇਵਾਦਾਰ ਹਨ ਉਹ ਮਿਲਗੋਭਾ ਲੰਗਰ ਹੈ, ਗੁਰੂ ਕਾ ਲੰਗਰ ਨਹੀਂ ਸਦਾ ਸਕਦਾ। ਧਰਮਹੀਣ ਗੁਰੂ ਕੇ ਲੰਗਰ ਦੀ ਸੇਵਾ ਨਹੀਂ ਕਰ ਸਕਦੇ। ਜਿਨ੍ਹਾਂ ਦੇ ਅੰਦਰ ਧਰਮ ਦੀ ਅੰਸ ਹੀ ਨਹੀਂ, ਉਹਨਾਂ ਵਿਚ ਸੇਵਾ ਦੀ ਅੰਸ ਹੀ ਨਹੀਂ ਹੋ ਸਕਦੀ। ਜਿਨ੍ਹਾਂ ਅੰਦਰ ਸੇਵਾ ਦੀ ਅੰਸ ਹੀ ਨਹੀਂ, ਉਹਨਾਂ ਨੂੰ ਸੇਵਾ ਦਾ ਅਧਿਕਾਰ ਨਹੀਂ ਹੋ ਸਕਦਾ। ਸੇਵਾ ਕੇਵਲ ਸੇਵਕ ਨੂੰ ਹੀ ਬਣਿ ਆਈ ਹੈ, ਜਿਸ "ਹੁਕਮੁ ਬੂਝਿ ਪਰਮ ਪਦੁ ਪਾਈ (ਪੰ: ੨੯੨) ਗੁਰਵਾਕ ਦੇ ਭਾਵ ਅਨੁਸਾਰ, ਹੁਕਮ ਬੁਝ ਕੇ ਹੀ ਸੇਵਕ ਦੀ ਪਦਵੀ ਪਾਈ ਹੋਵੇ। ਜਿਨ੍ਹਾਂ ਨੇ ਹੁਕਮਨ ਸਿਰ ਹੁਕਮ ਏਕੋ ਹੁਕਮ' ਨਹੀਂ ਬੁਝਿਆ, ਜੋ 'ਸਤਿਗੁਰਿ ਦੀਆ ਬੁਝਾਇ ਜੀਉ" (ਪੰ: ੭੨) ਦੇ ਭਾਵ ਅਨੁਸਾਰ ਕੇਵਲ ਸਤਿਗੁਰ ਦੁਆਰਾ ਨਿਗੁਰੇ ਤੋਂ ਸਗੁਰੇ ਹੋਇਆਂ ਹੀ ਬੁਝਿਆ ਜਾ ਸਕਦਾ ਹੈ। ਜਿਨ੍ਹਾਂ ਨੇ ਸਤਿਗੁਰੂ ਦਸਮੇਸ਼ ਜੀ ਦਾ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਜਣ ਵਾਲਾ ਹੁਕਮ ਨਹੀਂ ਬੁਝਿਆ (ਮੰਨਣਾ ਤਾਂ ਕਿਤੇ ਰਿਹਾ) ਉਹ ਸੇਵਕ ਦੀ ਪਦਵੀ ਨੂੰ ਕੀ ਬੁਝ ਸਕਦੇ ਹਨ? ਉਹ ਗੁਰੂ ਕੇ ਲੰਗਰ ਦੀ ਸੇਵਾ ਲਈ ਕੀ ਡੀਂਗਾਂ ਮਾਰ ਸਕਦੇ ਹਨ? ਹੁਕਮ ਤਿਨ੍ਹਾਂ ਨੇ ਬੁਝਿਆ ਹੈ ਜਿਨ੍ਹਾਂ ਹੁਕਮ ਨੂੰ ਕਮਾਇਆ ਹੈ। ਅੰਮ੍ਰਿਤ ਛਕ ਕੇ ਸਤਿਗੁਰੂ ਦੇ ਘਰ ਵਿਚ ਜਨਮਣ ਦਾ, ਗੁਰਮਤਿ ਮੰਡਲ ਵਿਚ ਆਉਣ ਦਾ ਹੁਕਮ ਹੀ ਜਿਸ ਨੇ ਨਹੀਂ ਕਮਾਇਆ, ਉਹ ਗੁਰੂ ਕੇ ਲੰਗਰ ਰੂਪੀ ਗੁਰਮਤਿ ਮੰਡਲੀ ਸੇਵਾ, ਨਹੀਂ ਨਹੀਂ ਗੁਰਮਤਿ ਮੰਜ਼ਲੀ ਸੇਵਾ ਨੂੰ ਕੀ ਬੁਝ ਸਕਦੇ ਹਨ। ਹਾਂ, ਗੁਰੂ ਕੇ ਲੰਗਰ ਰੂਪੀ ਮੰਡਲ ਤੋਂ ਬਾਹਰ ਯਾਚਕਾਂ ਅਭਿਲਾਖੀਆਂ ਉਮੈਦਵਾਰਾਂ (ਕੈਂਡੀਡੇਟਾਂ) ਨੂੰ, ਉਹਨਾਂ ਦੀ ਰਿਦੇ ਭੂਮਕਾ ਨੂੰ ਸੁਧ ਕਰਨ ਹਿਤ ਅਤੇ ਅੰਮ੍ਰਿਤ ਦੇ ਅਧਿਕਾਰੀ ਬਣਾਉਣ ਹਿਤ ਯਥਾ ਯੋਗ ਸੇਵਾ ਦਿਤੀ ਜਾ ਸਕਦੀ ਹੈ, ਪ੍ਰੰਤੂ ਜਦ ਤੀਕ ਉਹ ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਸਿੰਘ ਨਾ ਸਜ ਜਾਣ ਤਦ ਤੀਕ ਉਹਨਾਂ ਹਥੋਂ ਤਿਆਰ ਹੋਇਆ ਖਾਣਾ ਖਾਣਾ ਬਿਬੇਕੀ ਜਨ ਨੂੰ ਬਿਬਰਜਤ ਹੈ। ਕਿਉਂਕਿ ਜਦ ਤਾਈਂ ਉਹ ਅੰਮ੍ਰਿਤ ਛਕ ਕੇ ਖ਼ਾਲਸਾ ਧਰਮ (ਗੁਰਮਤਿ ਧਰਮ) ਧਾਰਨ ਨਹੀਂ ਕਰ ਲੈ ਦੇ, ਉਤਨਾ ਚਿਰ ਉਹ ਧਰਮ-ਹੀਣ ਹਨ, ਅਨਮਤੀ ਹਨ। ਕਿਉਂਕਿ:

ਏਕੋ ਧਰਮੁ ਦ੍ਰਿੜੈ ਸਚੁ ਕੋਈ ॥
ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
[ਬਸੰਤ ਮ: ੧, ਪੰਨਾ ੧੧੮੮

ਗੁਰਵਾਕ ਦੇ ਭਾਵ ਅਨੁਸਾਰ ਕੇਵਲ (ਏਕੋ) ਗੁਰਮਤਿ



www.AKJ.Org

ਧਰਮ ਹੀ ਸਚਾਂ ਧਰਮ ਹੈ. ਜੋ ਜੁਗੋ ਜੁਗ ਪੂਰਾ ਉਤਰਨਾ ਹੈ। ਗੁਰਮਤਿ ਧਰਮ ਤੋਂ ਬਿਨਾਂ ਹੋਰ ਕੋਈ ਧਰਮ ਨਹੀਂ । ਸੋ ਗੁਰਮਤਿ ਧਰਮ ਤੇ ਖ਼ਾਲਸਾ ਧਰਮ ਤੋਂ ਸਖਣੇ, ਸਭ ਹੀਣੇ ਨਿਗੁਰੇ ਬੇਦੀਨ ਹਨ। ਅਤੇ ਗੁਰੂ ਕਾ ਹੁਕਮ ਹੈ :

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥
ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥
ਕੂੜਾ ਕਪੜੁ ਕਛੀਐ ਕੂੜਾ ਪੈਨਣੁ ਖਾਣੁ ॥੧॥

[ ਵਾਰ ਸੂਹੀ ਮ. ੧, ਪੰਨਾ ੭੯੦

ਭਾਵ-ਪਰਮਾਰਥ ਏਸ ਗੁਰ ਪਰਮਾਣ ਦਾ ਇਹ ਹੈ ਕਿ ਜਿਹੜੇ ਪੁਰਸ਼ ਚੋਰਾਂ ਯਾਰਾਂ ਦੀ ਅਤੇ ਕੁਟਣੀਆਂ ਰੰਡੀਆਂ ਦੀ ਕੁਸੰਗ ਮਜਲਸ ਜਾ ਕੇ ਬਹਿੰਦੇ ਹਨ ਅਤੇ ਜਿਹੜੇ ਬੇਦੀਨਾਂ ਦੇ ਨਾਲ ਦੋਸਤੀ (ਸਮੀਪੀ ਸਨਬੰਧ ਨਾਤੇ) ਗੰਢਦੇ ਹਨ (ਅਥਵਾ ਰਖਦੇ ਹਨ) ਅਤੇ ਬੇਦੀਨਾਂ ਦਾ ਖਾਣਾ ਖਾਂਦੇ ਹਨ ਉਹ ਸਿਫ਼ਤਾਂ (ਪਰਮਾਰਥੀ ਸਿਫ਼ਤ ਸਾਲਾਹਾਂ) ਸੰਦੀ ਸਾਰ ਨਹੀਂ ਜਾਣਦੇ ਅਤੇ ਓਹਨਾਂ ਦੇ ਅੰਦਰ ਸਦਾ ਸ਼ੈਤਾਨ ਵਸਦਾ ਹੈ। ਉਹਨਾਂ ਦੀ ਗਤੀ ਗਧਿਆਂ (ਖੋਤਿਆਂ) ਦੀ ਨਿਆਈਂ ਹੁੰਦੀ ਹੈ। ਉਹਨਾਂ ਨੂੰ ਚਾਹੇ ਚੰਨਣ ਵਿਚ ਨਵ੍ਹਾਲਿਆ (ਲਬੇੜਿਆ ਲਿਪਿਆ) ਜਾਵੇ, ਪਰ ਉਹ ਫਰ ਭੀ ਸੁਆਹ (ਖੇਹ) ਵਿਚ ਜਾ ਕੇ ਹੀ ਲਿਟਣਗੇ । ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਕੂੜਾਵਾ ਕਤਣ ਕਤਿਆ ਜਾਵੇ ਤਾਂ ਕੂੜ ਦਾ ਹੀ ਤਾਣਾ ਤਣੀਦਾ ਹੈ ਅਤੇ ਕੂੜ ਦਾ ਕਪੜਾ ਕਤ ਕੇ ਤਿਆਰ ਕੀਤਾ ਜਾਵੇ ਤਾਂ ਉਸ ਦਾ ਪਹਿਨਣਾ ਭੀ ਕੂੜਾ ਹੈ, ਉਸ ਪਹਿਨਣ ਦਾ ਮਾਣ ਕਰਨਾ ਭੀ ਕੂੜਾ ਹੈ। ਏਥੇ ਸਾਰੇ ਸ਼ਬਦ ਦੀ ਵਿਆਖਿਆ ਦੀ ਲੋੜ ਨਹੀਂ, ਪਰਕਰਣ ਸਬੰਧੀ "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ" ਵਾਲਾ ਸਾਖਾ ਹਦਾਇਤ ਮਈ ਹੁਕਮ ਜੋ ਇਹ ਗੁਰਵਾਕ ਦਿੰਦਾ ਹੈ ਉਸ ਤੋਂ ਤਾਂ ਸਾਫ ਸਿਧ ਹੁੰਦਾ ਹੈ ਕਿ ਬੇਦੀਨਾਂ ਕੀ ਦੋਸਤੀ ਅਤੇ ਬੇਦੀਨਾਂ ਕਾ ਖਾਣ ਗੁਰਮਤਿ ਅੰਦਰ ਬਿਬਰਜਤ ਹੈ। ਏਸ ਦਾ ਭਾਵ ਐਨ ਓਹੀ ਹੈ ਜੋ ਅੰਮ੍ਰਿਤ ਛਕਣ ਸਮੇਂ ਦ੍ਰਿੜ੍ਹਾਇਆ ਜਾਂਦਾ ਹੈ ਕਿ ਰੋਟੀ, ਬੇਟੀ ਦੀ ਸਾਂਝ-ਵਰਤੋਂ ਖ਼ਾਲਸਾ ਨਾਲ ਹੀ ਰਖਣੀ; ਅਨਮਤੀਆਂ ਨਾਲ ਨਹੀਂ ਰਖਣੀ ।

'ਬੇਦੀਨ' ਪਦ ਉਤੇ ਅਕਸਰ ਇਤਰਾਜ਼ ਇਹ ਹੁੰਦਾ ਹੈ ਕਿ ਕੀ ਗੁਰਮਤਿ ਤੋਂ ਬਿਨਾ ਹੋਰ (ਆਨ) ਮਤਾਂ ਵਾਲਿਆਂ ਦਾ ਕੋਈ ਦੀਨ ਨਹੀਂ ? ਕੀ ਸਾਰੇ ਦੀਨ-ਮਜ਼ਹਬ ਬੇਦੀਨੇ ਹਨ ?

ਸੋ ਇਸ ਦਾ ਉਤਰ ਇਹ ਹੈ ਕਿ ਅਸੀਂ ਤਾਂ ਕੇਵਲ ਗੁਰਮਤਿ ਅਸੂਲਾਂ ਦੀ ਕਸੌਟੀ ਅਨੁਸਾਰ 'ਬੇਦੀਨ' ਪਦ ਦੀ ਹੈਸੀਅਤ ਨੂੰ ਪਰਖਣਾ ਹੈ, ਨਾ ਕਿ ਅਨਮਤਾਂ ਦੀ ਆਪੋ ਆਪਣੀ ਅਵਸਥਾ ਅਨੁਸਾਰ ।(ਗੁਰਮਤਿ ਅਸੂਲਾਂ ਦੀ ਰੌਸ਼ਨੀ ਦੇ ਸਾਹਮਣੇ ਕੇਵਲ ਗੁਰਮਤਿ ਹੀ ਇਕੋ ਸੱਚਾ ਅਤੇ ਸਦੀਵੀ ਧਰਮ ਹੈ)। ਗੁਰਮਤਿ ਧਰਮ (ਦੀਨ,ਮਜ਼ਹਬ) ਤੋਂ ਬਿਨਾਂ ਜਿਤਨੇ ਭੀ ਹੋਰ ਮਤ-ਮਤਾਂਤਰ ਹਨ ਸਾਡੇ ਵਾਸਤੇ ਇਸ ਵਰਤਮਾਨ ਕਾਲ ਵਿਖੇ (ਫ਼ੀ ਜ਼ਮਾਨਾ) "ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ" ਗੁਰਵਾਕ ਦਸਦਾ ਹੈ ਕਿ ਏਕੋ ਗੁਰਮਤਿ ਧਰਮ ਹੀ ਸੱਚਾ ਹੈ ਅਤੇ ਏਸੇ ਨੇ ਹੀ ਜੁਗਾਂ ਜੁਗਾਂਤਰਾਂ ਤਾਈਂ ਪੂਰਾ ਉਤਰਨਾ ਹੈ ।

['ਗੁਰਮਤਿ ਬਿਬੇਕ" ਪੁਸਤਕ ਵਿਚੋਂ

---

# ਧੰਨ ਗੁਰੂ ਅਰਜਨ ਦੇਵ ਜੀ

[ਵਲੋਂ :—ਸ: ਦੇਵਾ ਸਿੰਘ ਜੀ ਕਿਰਤੀ, ਅੰਮ੍ਰਿਤਸਰ]

ਲੋਹ ਉਤੇ ਬੈਠ ਗੁਰਾਂ ਲੋਹੇ ਨੂੰ ਨਿਹਾਲ ਕੀਤਾ, ਤਾਹੀਂ 'ਕਿਰਪਾਨ' ਗਲ ਖ਼ਾਲਸੇ ਸੁਹਾਨੀ ਏ ।
ਦੇਗ ਵਿਚ ਬੈਠ ਗੁਰਾਂ ਦੇਗ ਨੂੰ ਨਿਹਾਲ ਕੀਤਾ, 'ਦੇਗ ਤੇਗ' ਫ਼ਤਹ ਤਾਹੀਂ ਸਿੰਘਾਂ ਦੀ ਰਹਾਨੀ ਏ ।
ਰੇਤ ਨੂੰ ਪਵਾ ਕੇ ਸੀ ਭੇਤ ਇਹ ਨਿਖਾਰ ਦਿਤਾ, 'ਭਾਣਾ' ਸਿਰ ਮੰਨ ਸਿੰਘਾਂ ਦੇਣੀ ਕੁਰਬਾਨੀ ਏ ।
'ਕਿਰਤੀ' ਮਿਲਾਏ ਦਿਤਾ ਸਿਧਾ ਕਰਤਾਰ ਨਾਲ, 'ਕਠੀ ਕਰ ਦਿਤੀ ਜਦੋਂ ਗੁਰਾਂ ਗੁਰਬਾਣੀ ਏ ।

www.AKJ.Org

# ਗੁਰੂ ਮਾਨਿਓ ਗ੍ਰੰਥ

[ਵਲੋਂ :–ਸ੍ਰੀ ਗੁਰੂ ਨਾਨਕ ਸਤਿਸੰਗ ਸਭਾ, ੧੭-ਵਿਲਕਿਨਸਨ ਰੋਡ, ਕਾਰੋਂਗ, ਸਿੰਘਾਪੁਰ : ੧੫]

ਤਕਰੀਬਨ ੭੦ ਸਾਲਾਂ ਦੀ ਗੱਲ ਹੈ । ਦੱਖਣੀ ਹਿੰਦ ਦੀ ਇਕ ਛਾਉਣੀ ਦੇ ਨਵੇਂ ਅੰਗਰੇਜ਼ ਔਫੀਸਰ ਕਮਾਂਡਿੰਗ ਨੇ ਹੁਕਮ ਕੀਤਾ, "ਹਮ ਹਿੰਦੂ, ਮੁਸਲਮਾਨ ਔਰ ਸਿਖ ਮਜ਼ਹਬ ਕੀ ਮੁਤਬਰਕ ਕਿਤਾਬੋਂ ਕੋ ਦੇਖਨਾ ਚਾਹਤਾ ਹੈ, ਕਲ ਸਵੇਰੇ ਦਸ ਬਜੇ ਹਮਾਰੇ ਦਫਤਰ ਮੇਂ ਇਨ ਕੇ ਪਾਦਰੀ ਲੋਕ ਲੇ ਕੇ ਪੇਸ਼ ਹੋਂ ।" ਅਗਲੇ ਰੋਜ਼ ਸਵੇਰੇ ਮੌਲਵੀ ਜੀ ਮੁਤਬਰਕ ਕੁਰਾਨ ਸ਼ਰੀਫ ਦੀ ਜਿਲਦ ਕਪੜੇ ਵਿਚ ਲਪੇਟ ਕੇ ਤੇ ਪੰਡਤ ਜੀ ਸ੍ਰੀ ਭਾਗਵਤ ਗੀਤਾ ਦੀ ਪਵਿੱਤਰ ਪੋਥੀ ਨੂੰ ਸੋਹਣੇ ਰੁਮਾਲੇ ਵਿਚ ਸਜਾ ਕੇ ਉਪਰ ਫੁਲ ਰਖ ਕੇ ਸਾਹਿਬ ਦੇ ਦਫਤਰ ਵਿਚ ਹਾਜ਼ਰ ਸਨ । ਪ੍ਰੰਤੂ ਭਾਈ ਮਹਿਤਾਬ ਸਿੰਘ ਜੀ ਗ੍ਰੰਥੀ, ਖ਼ਾਲੀ ਹੱਥ ਜੋੜ ਕੇ ਸਤਿਨਾਮ ਵਾਹਿਗੁਰੂ ਦਾ ਖ਼ਾਮੋਸ਼ੀ ਨਾਲ ਜਾਪ ਕਰਦੇ ਪਾਸ ਖੜੇ ਸਨ। ਮੌਲਵੀ ਜੀ ਤੇ ਪੰਡਤ ਜੀ ਤੋਂ ਫ਼ਾਰਗ ਹੋ ਕੇ ਭਾਈ ਸਾਹਿਬ ਨੂੰ ਸੰਬੋਧਨ ਕਰਦਿਆਂ ਉਸ ਅੰਗਰੇਜ਼ ਨੇ ਕਿਹਾ, "ਤੋ ਆਪ ਅਪਨੀ ਮੁਤਬਰਕ ਕਿਤਾਬ ਨਹੀਂ ਲਾਏ ?" ਭਾਈ ਸਾਹਿਬ ਨੇ ਜਵਾਬ ਦਿਤਾ, "ਜੀ ਉਸ ਕੇ ਦਰਸ਼ਨ ਕਰਨੇ ਕੇ ਲੀਏ ਆਪ ਕੋ ਹਮਾਰੇ ਗੁਰਦੁਆਰੇ ਮੇਂ ਹਾਜ਼ਰ ਹੋਨਾ ਹੋਗਾ।"

"ਹਾਜ਼ਰ ਹੋਨਾ ਹੋਗਾ ? ਕਿਆ ਬੋਲਤਾ ਹੈ ਯਿਹ ਲੋਗ ? ਹਮ ਛਾਉਣੀ ਕਾ ਬੜਾ ਅਫਸਰ ਹੈ, ਹਮੇਂ ਹਾਜ਼ਰ ਹੋਨਾ ਹੋਗਾ ?" ਕਰੋਧ ਭਰੀ ਹੈਰਾਨੀ ਵਿਚ ਸਾਹਿਬ ਨੇ ਪੁਛਿਆ ।

ਤੇ ਫਿਰ ਉਸ ਦੇ ਹਿੰਦੁਸਤਾਨੀ ਰਿਸਾਲਦਾਰ ਮੇਜਰ ਨੇ ਸਾਹਿਬ ਨੂੰ ਸਮਝਾ ਦਿਤਾ ਕਿ ਸਿਖਾਂ ਦੀ ਧਰਮ ਪੁਸਤਕ 'ਪਰਤੱਖ-ਗੁਰੂ ਸਰੂਪ' ਇਹਨਾਂ ਦੇ ਧਰਮ-ਮੰਦਰ ਵਿਚ ਸਜਾਈ ਹੁੰਦੀ ਹੈ । ਸਾਨੂੰ ਦਰਸ਼ਨ ਕਰਨ ਲਈ ਉਥੇ ਜਾਣਾ ਹੋਵੇਗਾ ।

ਆਉਂਦੇ ਐਤਵਾਰ ਸਵੇਰੇ ਅਠ ਵਜੇ ਕਮਾਂਡਿੰਗ-ਔਫੀਸਰ ਨੇ ਗੁਰਦੁਆਰੇ ਜਾ ਕੇ ਦਰਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਪ੍ਰੋਗਰਾਮ ਅਨੁਸਾਰ ਉਹ ਅੰਗਰੇਜ਼ ਗੁਰਦੁਆਰੇ ਪਹੁੰਚ ਗਿਆ । ਗੁਰਦੁਆਰਾ ਖਚਾ ਖਚ ਭਰਿਆ ਹੋਇਆ ਸੀ । ਕੀਰਤਨ ਹੋ ਰਿਹਾ ਸੀ । ਅਤਿ-ਸੁੰਦਰ ਤੇ ਸਵੱਛ ਚਾਂਦਨੀ ਥਲੇ ਪਾਲਕੀ ਵਿਚ ਮਹਾਰਾਜ ਦਾ ਪ੍ਰਕਾਸ਼ ਸੀ । ਓਹੋ ਗ੍ਰੰਥੀ ਜੀ ਆਪਣੇ ਪ੍ਰਭਾਵਸ਼ਾਲੀ ਗੁਰਮੁਖ ਸਰੂਪ ਵਿਚ ਤਾਬੇ ਬੈਠੇ ਚੌਰ ਝੁਲਾ ਰਹੇ ਸਨ । ਕੀਰਤਨ ਵਿਚ ਜੁੜੀ ਸੰਗਤ ਦੇ ਪ੍ਰਭਾਵ ਨਾਲ ਅੰਗਰੇਜ਼ ਨੂੰ ਆਪਣੀ ਅਫ਼ਸਰੀ ਦਾ ਅਹਿਸਾਸ ਨਾ ਰਿਹਾ । ਉਸ ਦੇ ਸਹਾਇਕ ਰਿਸਾਲਦਾਰ ਮੇਜਰ ਤੇ ਹੋਰ ਅਫ਼ਸਰਾਂ ਨੇ ਉਸਦੀ ਅਗਵਾਈ ਕੀਤੀ । ਇਕ ਪ੍ਰੇਮੀ ਸਿਖ ਜਮਾਦਾਰ ਸੁਰੈਣ ਸਿੰਘ ਨੇ ਸੰਗਤ ਵਲੋਂ ਸਾਹਿਬ ਨੂੰ ਗੁਰਦੁਆਰੇ ਆਉਣ ਤੇ 'ਜੀ ਆਇਆਂ ਨੂੰ' ਕਿਹਾ । ਆਪਣੇ ਬੂਟ ਉਤਾਰ, ਹੱਥ ਸਾਫ਼ ਕਰ, ਉਹ ਰੱਬੀ ਪ੍ਰਭਾਵ ਨਾਲ ਜਿਵੇਂ ਪ੍ਰੇਰਿਆ ਹੀ ਨਹੀਂ 'ਭੈ ਭੀਤ' ਹੋਇਆ, ਇਕ ਪਾਸੇ ਬੈਠ ਗਿਆ ।

ਕੀਰਤਨ ਜਾਰੀ ਰਿਹਾ । ਵਾਤਾਵਰਨ ਦੀ ਪਵਿਤ੍ਰਤਾ ਤੇ ਪ੍ਰੇਮ ਦੀ ਲੈਅ ਵਿਚ ਜਿਵੇਂ ਉਸਦਾ ਮਨ ਵੀ ਮਸਤ ਹੋ ਗਿਆ ਹੋਵੇ । ਸ਼ਬਦਾਂ ਦਾ ਭਾਵ-ਅਰਥ ਨਾ ਵੀ ਸਮਝਦਾ ਹੋਇਆ, ਅੰਗਰੇਜ਼ ਅਫ਼ਸਰ ਕੀਰਤਨ ਦੇ ਇਲਾਹੀ ਰਸ ਵਿਚ ਰੱਬ ਦਾ ਰੂਪ ਹੋਈ ਸੰਗਤ ਦਾ ਅੰਗ ਬਣ ਗਿਆ । ਹੁਣ ਉਹ ਕਮਾਂਡਿੰਗ ਔਫੀਸਰ ਦੀ ਥਾਂ ਗੁਰੂ ਕੀ ਝੋਲੀ ਵਿਚ ਬੈਠਾ ਇਕ ਸਧਾਰਨ ਪ੍ਰੇਮੀ ਸੀ । ਇਹ ਅਨੰਦ ਉਸ ਨੇ ਪਹਿਲਾਂ ਕਦੇ ਨਹੀਂ ਮਾਣਿਆ ਸੀ । ਅਦਬ ਨਾਲ ਉਸ ਦਾ ਸਿਰ ਝੁਕ ਗਿਆ ।

ਓਹੋ ਜਮਾਦਾਰ ਸੁਰੈਣ ਸਿੰਘ ਅੰਗਰੇਜ਼ ਅਫ਼ਸਰ ਨੂੰ ਬਾਹਰ ਵਿਦਾ ਕਰ ਆਇਆ ਤੇ ਵਾਪਸ ਆ ਕੇ ਆਪ ਕੀਰਤਨ ਵਿਚ ਜੁੜ ਗਿਆ । ਕਿਸੇ 'ਪ੍ਰਧਾਨ' ਨੇ ਉਸ ਦੇ ਗਲ ਵਿਚ ਹਾਰ ਨਹੀਂ ਪਾਏ, ਕਿਸੇ ਸੈਕਟਰੀ ਨੇ ਕੀਰਤਨ ਬੰਦ ਕਰਵਾ ਕੇ ਉਸ ਦੀ ਨਹੀਂ ਸ਼ੋ ਕੀਤੀ । ਕਿਸੇ ਗੁਰਮੁਖ ਪਿਆਰੇ ਨੇ



www.AKJ.Org

ਉਸ ਨੂੰ ਸਿਰੋਪਾ ਨਹੀਂ ਭੇਟ ਕੀਤਾ। ਕੋਈ ਜੈਕਾਰਾ ਨਹੀਂ ਗਜਾਇਆ। ਗ੍ਰੰਥੀ ਜੀ ਮਤਵਾਤਰ ਗੁਰੂ ਦੀ ਤਾਬੇ ਬੈਠੇ ਰਹੇ। ਸੰਗਤ ਵਿਚ ਕੋਈ ਹਿਲਜੁਲ ਨਹੀਂ ਹੋਈ। ਫ਼ੋਟੋ ਕੈਮਰਾ ਉਦੋਂ ਹਾਲਾਂ ਟਾਂਵਾਂ ਟਾਂਵਾਂ ਹੀ ਵੇਖਣ ਵਿਚ ਆਉਂਦਾ ਸੀ। ਕੋਈ ਤਸਵੀਰਾਂ ਨਹੀਂ ਲਈਆਂ ਗਈਆਂ। ਗੁਰੂ ਹਾਜ਼ਰ ਹੈ, ਪਰਤਖ ਹੈ। ਸੰਗਤ ਅਦਬ ਵਿਚ ਸਰਬ ਸਾਵਧਾਨ ਸੀ। ਪ੍ਰੇਮ ਤੋਂ ਸਿਵਾ ਕਿਸੇ ਨੂੰ ਕੋਈ ਗ਼ਰਜ਼ ਨਹੀਂ ਸੀ। ਉਸ ਅੰਗਰੇਜ਼ ਨੇ ਅਗਲੇ ਰੋਜ਼ ਸਿਖਾਂ ਦੇ ਗੁਰੂ ਤੇ ਪ੍ਰਾਰਥਨਾ-ਢੰਗ ਬਾਰੇ ਕਿਹਾ, "ਜੋ ਲੋਕ ਅਪਨੇ ਗੁਰੂ ਕਾ ਐਸਾ ਇਹਤਰਾਮ ਕਰਤੇ ਹੈਂ, ਵੁਹ ਸਚਮੁਚ ਖ਼ੁਦਾ ਕੇ ਬਦੇ ਹੈਂ। ਉਨ ਕਾ ਗੁਰੂ ਬੜਾ ਅਜ਼ੀਮ (ਉੱਚਾ) ਹੈ, ਸੱਚਾ ਹੈ। ਐਸੀ ਕੌਮ ਸੱਚ ਮੁਚ, ਪਿਆਰ ਔਰ ਇਜ਼ਤ ਕੇ ਕਾਬਲ ਹੈ।"

ਉਹ ਅੰਗਰੇਜ਼ ਜਦ ਤਕ ਉਸ ਛਾਉਣੀ ਵਿਚ ਰਿਹਾ, ਮਹੀਨੇ ਵਿਚ ਇਕ ਵਾਰ ਗੁਰਦੁਆਰੇ ਹਾਜ਼ਰ ਹੁੰਦਾ ਤੇ ਗੁਰਮੁਖ ਗ੍ਰੰਥੀ ਭਾਈ ਮਹਿਤਾਬ ਸਿੰਘ ਜੀ ਤੋਂ ਗੁਰੂ ਦੀ ਅਸੀਸ ਲੈਂਦਾ।

... ... ... ...

ਤੇ ਫਿਰ ਪਿਛਲੇ ਗੁਰਪੁਰਬ ਤੇ ਇਕ ਗੁਰਦੁਆਰੇ ਵਿਚ ਗੁਰਪੁਰਬ ਮਨਾਇਆ ਜਾ ਰਿਹਾ ਸੀ, ਕਿਸੇ ਸਰਕਾਰੀ ਮਹਾਂਪੁਰਸ਼ ਨੇ ਬੜੀ ਕੋਸ਼ਿਸ਼ ਬਾਅਦ ਆਪਣੇ 'ਕੀਮਤੀ-ਵਕਤ' ਵਿਚੋਂ ਥੋੜਾ ਸਮਾਂ ਕਢ ਕੇ ਗੁਰਦੁਆਰੇ 'ਦਰਸ਼ਨ' ਦੇਣਾ ਮੰਨ ਲਿਆ ਸੀ। ਚਾਰ ਦਿਨ ਤੋਂ ਅਖ਼ਬਾਰਾਂ ਤੇ ਇਸ਼ਤਿਹਾਰਾਂ ਵਿਚ ਇਹੋ ਚਰਚਾ ਸੀ। 'ਪ੍ਰਧਾਨ', ਸਕੱਤ੍ਰ ਤੇ ਪ੍ਰਮੁਖ-ਪ੍ਰਬੰਧਕਾਂ ਵਿਚ ਡਿਊਟੀਆਂ ਵੰਡੀਆਂ ਜਾ ਰਹੀਆਂ ਸਨ. ਕੌਣ ਅਗੋਂ ਲੈਣ ਜਾਏਗਾ? ਉਹਨਾਂ ਦੀ ਗਡੀ ਕਿਥੇ ਖੜੀ ਹੋਵੇਗੀ? ਹਾਰ ਕੌਣ ਕੌਣ ਪਾਵੇਗਾ? ਫ਼ੋਟੂਆਂ ਕਿਤਨੀਆਂ ਲਈਆਂ ਜਾਣਗੀਆਂ? ਜੈਕਾਰੇ ਕਿਸ ਵੇਲੇ ਗਜਾਏ ਜਾਣਗੇ? ਸਿਰੋਪਾ ਕਿਸ ਸ਼ਕਲ ਵਿਚ ਹੋਵਗਾ? ਸਿਰੋਪਾ ਕੌਣ ਭੇਟ ਕਰੇਗਾ? ਮਾਨ ਪੱਤਰ ਕੌਣ ਪੜ੍ਹੇਗਾ? ਇਹ ਸਾਰੇ 'ਸਨਮਾਨ' ਵੰਡਣ ਵਿਚ ਗਰਮਾ-ਗਰਮੀ ਵੀ ਹੋ ਗਈ। ਕਈ 'ਸਰਗਰਮ-ਪ੍ਰਬੰਧਕ' ਇਨ੍ਹਾਂ ਜ਼ਰੂਰੀ ਡਿਊਟੀਆਂ ਵਿਚੋਂ ਕੋਈ ਨਾ ਕੋਈ 'ਸੇਵਾ' ਜ਼ਰੂਰ ਲੈਣਾ ਚਾਹੁੰਦਾ ਸੀ। ਪ੍ਰਧਾਨਗੀ ਲਈ, ਇਕ ਕਰੜੀ ਅਜ਼ਮਾਇਸ਼ ਦੀ ਘੜੀ ਬਣ ਗਈ। ਸਤਿਗੁਰੂ ਸਚੇ ਪਾਤਿਸ਼ਾਹ ਦੇ ਦਰਬਾਰ ਵਿਚ ਹਾਜ਼ਰ ਹੋਣ ਵਾਲੇ ਇਸ '**ਸਰਕਾਰੀ**' **ਮਹਿਮਾਨ ਦੀ ਆਮਦ ਦੇ ਮੌਕੇ ਤੇ ਇੰਤਜ਼ਾਮਾਂ ਨੇ ਗੁਰੂ ਦੇ ਦਰਬਾਰ ਦੀਆਂ ਅਧਿਆਤਮਕ ਲੋੜਾਂ ਕੀਰਤਨ, ਪਾਠ, ਲੰਗਰ ਆਦਿ ਨੂੰ ਪਿਛੇ ਪਾ ਦਿਤਾ।**

ਗੁਰਪੁਰਬ ਵਾਲੇ ਦਿਨ ਦੋ ਦਰਜਨ ਪ੍ਰਬੰਧਕ ਹਾਰ ਲੈ ਕੇ ਗੁਰਦੁਆਰੇ ਦੇ ਗੇਟ ਤੇ ਉਡੀਕ ਕਰ ਰਹੇ ਸਨ। ਅੰਦਰ ਦੀਵਾਨ ਵਿਚ ਕੀਰਤਨ ਹੋ ਰਿਹਾ ਸੀ, ਧਿਆਨ ਸਭ ਦਾ ਬਾਹਰ ਹੋਏ ਇਕੱਠ ਤੇ ਸੀ। ਕੀਰਤਨੀਏ ਸਿੰਘ ਭੀ ਉਪਰਾਮ ਹੋਣ ਲਗੇ। ਮਾਇਆ ਦੀਆਂ ਅਰਦਾਸਾਂ ਦਾ ਜ਼ੋਰ ਘਟ ਗਿਆ। ਬਦਕਿਸਮਤੀ ਨਾਲ ਸਰਕਾਰੀ-ਮਹਿਮਾਨ ਨੀਯਤ ਸਮੇਂ ਤੋਂ ਘੰਟਾ ਲੇਟ ਹੋ ਗਏ। ਸੰਗਤਾਂ ਉਪਰਾਮ, ਰਾਗੀ ਉਪਰਾਮ ਤੇ ਪ੍ਰਬੰਧਕ ਉਪਰਾਮ। ਇਕ ਨੇ ਵਿਚੋਂ ਗ੍ਰੰਥੀ ਨੂੰ ਜਾ ਕਿਹਾ, ਇਹਨਾਂ ਨੂੰ ਕਹੋ, ਜ਼ਰਾ ਦੋ ਸ਼ਬਦ ਹੋਰ ਪੜ੍ਹ ਦੇਣ। ਹੁਣ ਤਕ ਗ੍ਰੰਥੀ ਜੀ ਵੀ ਮਹਾਰਾਜ ਦੀ ਤਾਬਿਆ ਤੋਂ ਉਠ ਕੇ ਹੇਠਾਂ ਆ ਗਏ, ਜਿਥੇ ਤਸਵੀਰ ਖਿਚੇ ਜਾਣ ਦੀ ਵਧੇਰੇ ਸੰਭਾਵਨਾ ਸੀ। ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਸੀ। **ਗੁਰੂ ਹਾਜ਼ਰ ਸੀ, ਪ੍ਰੰਤੂ ਗ੍ਰੰਥੀ, ਕੀਰਤਨੀਏ, ਸੰਗਤ, ਪ੍ਰਬੰਧਕ, ਦਿਮਾਗੀ ਤੌਰ ਤੇ ਗ਼ੈਰਹਾਜ਼ਰ।**

ਸਰਬ-ਸ਼ਕਤੀਮਾਨ ਸਤਿਗੁਰੂ ਨੇ ਇਕ ਕੌਤਕ ਵਰਤਾਇਆ। ਸਰਕਾਰੀ ਮਹਿਮਾਨ ਦੇ ਗੁਰਮੁਖ ਭਰਾ ਨੇ ਉਸਨੂੰ ਤਾੜਨਾ ਕੀਤੀ, ਵੇਖੀਂ, ਸੰਗਤ ਵਿਚ ਤੇ ਗੁਰੂ ਦੇ ਦਰਬਾਰ ਵਿਚ ਸ਼ਾਨ ਨਾਲ ਜਾਈਂ। ਜਿਸ ਸੰਗਤ ਦੇ ਤੇ ਗੁਰੂ ਦਰਬਾਰ ਵਿਚ ਹਾਜ਼ਰੀ ਭਰਨ ਵਾਲਿਆਂ ਦੇ ਜੋੜੇ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ, ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਾਲੇ ਜਿਹੇ ਝਾੜਨਾ ਮਾਣ ਸਮਝਦੇ ਹੋਣ, ਓਥੇ ਨਿਮਰਤਾ ਤੇ ਸਤਿਕਾਰ ਨਾਲ ਜਾਵੀਂ।

ਸਰਕਾਰੀ ਮਹਿਮਾਨ ਬਿਨਾ ਦਸੇ ਹੀ ਸਗਤ ਵਿਚ ਜਾ ਬਿਰਾਜਿਆ। ਪ੍ਰਬੰਧਕਾਂ ਦੇ ਪ੍ਰੋਗਰਾਮ ਵ੍ਰਿਚ ਵਿਘਨ ਪਿਆ। ਮਹਿਮਾਨ ਦੀ ਹਾਜ਼ਰੀ ਕਬੂਲੀ ਗਈ, ਪਰ ਪ੍ਰਬੰਧਕ, ਗ੍ਰੰਥੀ ਸਭ ਗੈਰਹਾਜ਼ਰ।



www.AKJ.Org

# ਮਾਇਆ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚੋਂ

[ਵਲੋਂ :—ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ]

ਇਹ ਦ੍ਰਿਸ਼ਟਮਾਨ ਜਗਤ-ਰਚਨਾ ਪਰਕਿਰਤੀ ਜਾਂ ਮਾਇਆ ਹੈ। ਜਗਤ ਦਾ ਮੂਲ ਬ੍ਰਹਮ ਹੈ ਅਤੇ ਪਰਕਿਰਤੀ ਜਾਂ ਮਾਇਆ ਉਸਦੀ ਰਚਨਾ ਹੈ—

ਅਪਨੀ ਮਾਇਆ ਆਪਿ ਪਸਾਰੀ ਆਪਹਿ
ਦੇਖਨਹਾਰਾ ॥੨॥੧॥ [ਬਿਹਾਗੜਾ ਮ: ੯

ਇਹਨਾਂ ਦੋਹਾ ਵਿਚੋਂ ਅਨਾਦੀ ਕੇਵਲ ਬ੍ਰਹਮ ਹੈ।

ਇਸ ਜਗਤ-ਖੇਡ ਵਿਚ ਮਾਇਆ ਮੁਖ ਨਾਇਕਾ ਹੈ। ਵਾਹਿਗੁਰੂ ਆਪ ਅਦ੍ਰਿਸ਼ਟ ਹੈ, ਪਰ ਉਸ ਦੀ ਮਾਇਆ ਕਈ ਰੂਪਾਂ ਵ੍ਰਿਚ ਵਰਤ ਕੇ ਵਾਹਿਗੁਰੂ ਵਲੋਂ ਬਖ਼ਸ਼ੀ ਹੋਈ ਕਾਰ ਕਰ ਰਹੀ ਹੈ—

ਸਿਮਰਤ ਨਹਿ ਕਿਉ ਮੁਰਾਰਿ ਮਾਇਆ ਜਾ
ਕੀ ਚੇਰੀ ॥੨॥੩॥ [ਜੈਜਾਵੰਤੀ ਮ: ੯

ਇਹ ਮਾਇਆ ਵਿਧਾਤਾ ਨੇ ਰਚੀ ਹੈ ਤੇ ਅਤ ਲੋੜੀਂਦੀ ਵਸਤੂ ਹੈ। ਬੇਲੋੜੀ ਵਸਤੂ ਕੋਈ ਵਾਹਿਗੁਰੂ ਨੇ ਬਣਾਈ ਹੀ ਨਹੀਂ।

ਸੋ "ਇਸ ਤੇ ਹੋਇ ਸੁ ਨਾਹੀ ਬੁਰਾ" ਗੁਰ-ਵਾਕ ਅਨੁਸਾਰ ਮਾਇਆ ਬੁਰੀ ਵਸਤੂ ਨਹੀਂ। ਮਨੁੱਖੀ ਜੀਵਨ ਦੇ ਨਿਰਬਾਹ ਲਈ ਅਤੇ ਜੀਵਨ ਦੇ ਵਿਕਾਸ ਲਈ ਬੜੀ ਲੋੜੀਂਦੀ ਵਸਤੂ ਹੈ। [ਇਹ ਬਸਤੀ ਤਾ ਬਸਤੁ ਸਗੀਰਾ] ਤੇ ਇਸ ਦੀ ਯੋਗ ਵਰਤੋਂ ਜੀਵਨ ਲਈ ਸਦਾ ਹੀ ਲਾਭਕਾਰੀ ਅਤੇ ਸੁਖਦਾਈ ਹੈ। ਮਾਇਆ ਦੇ ਸੁਖਾਂ ਦੀ, ਰਸਾਂ ਕਸਾਂ ਦੀ ਜੀਵਨ ਵਿਚ ਨਿਵੇਕਲੀ ਥਾਂ ਹੈ। ਇਹ ਰਸ ਕਸ ਆਪਣੇ ਆਪ ਵਿਚ ਮਿਠੇ ਤੇ ਸੁਖਦਾਈ ਹਨ, ਪਰ, ਸ਼ਰਤ ਇਹ ਹੈ ਕਿ ਇਹਨਾਂ ਦੀ ਪ੍ਰਾਪਤੀ ਲਈ ਯੋਗ ਸਾਧਨ ਵਰਤੇ ਜਾਣ ਅਤੇ ਪ੍ਰਾਪਤੀ ਮਗਰੋਂ ਇਹਨਾਂ ਦੀ ਵਰਤੋਂ ਸੰਜਮ ਪੂਰਬਕ, ਕਿਸੇ ਨਿਸਚਿਤ ਸੀਮਾ ਤਕ ਕੀਤੀ ਜਾਵੇ ਅਤੇ ਇਹ ਸਾਰੇ ਰਸ ਮਾਣਦਿਆਂ ਹੋਇਆਂ ਮਨੁੱਖ ਦਾ ਚਿਤ ਇਹਨਾਂ ਦਾਤਾਂ ਦੇ ਦਾਤਾਰ ਦੀ ਯਾਦ ਅਤੇ ਉਸ ਦੇ ਸ਼ੁਕਰਾਨੇ ਵਿਚ ਜੁੜਿਆ ਰਹੇ।

ਪਰ ਮਾਇਆ ਬੜੀ ਪ੍ਰਬਲ ਹੈ। ਇਸ ਦੀ ਸੋਭਾ ਅਤੇ ਸ਼ਕਤੀ ਨੂੰ ਵੇਖ ਕੇ ਇਸ ਦੇ ਕਾਦਰ ਤੋਂ ਅਨਜਾਣ ਮਨੁੱਖ, ਮਾਇਆ ਉਤੇ ਭੁਲ ਜਾਂਦਾ ਹੈ; ਇਸ ਨੂੰ ਆਪਣਾ ਮਨ ਦੇ ਦਿੰਦਾ ਹੈ ਤੇ ਇਸ ਦੇ ਨਸ਼ੇ ਵਿਚ ਝੱਲਾ ਹੋਇਆ ਫਿਰਦਾ ਹੈ—

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ
ਨਹਿ ਉਚਰੈ ॥੧॥੨॥ [ਦੇਵਗੰਧਾਰੀ ਮ: ੯

ਦਿਨੇ ਰਾਤ ਮਾਇਆ ਹੀ ਇਸ ਦੇ ਦਿਲ ਦਿਮਾਗ ਉਤੇ ਸਵਾਰ ਰਹਿੰਦੀ ਹੈ—

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ
ਨੀਤ ॥੨੪॥ [ਸਲੋਕ ਮ: ੯

ਇਸ ਦੀ ਪ੍ਰਾਪਤੀ ਲਈ ਨਾਨਾ ਪਰਪੰਚ ਕਰਦਾ ਹੈ, ਠੱਗੀਆਂ ਠੋਰੀਆਂ ਮਾਰਦਾ ਹੈ ਤੇ ਆਪਣੇ ਹੱਥੀਂ ਆਪਣੇ ਪੈਰਾਂ ਵਿਚ ਬੇੜੀਆਂ ਪਾ ਲੈਂਦਾ ਹੈ—

ਜੋ ਜੋ ਕਰਮ ਕੀਓ ਲਾਲਚਿ ਲਗਿ ਤਿਹ ਤਿਹ
ਆਪੁ ਬੰਧਾਇਓ ॥੧॥ਰਹਾਉ॥੧॥
[ਜੈਤਸਰੀ ਮ: ੯

ਇਹ ਮੂਰਖਾਂ ਵਾਲ਼ੀ ਕਿਰਿਆ ਨਹੀਂ ਤਾਂ ਹੋਰ ਕੀ ਹੈ?—

ਮਾਇਆ ਕਾਰਨਿ ਧਾਵਹੀ ਮੂਰਖ ਲੋਕ
ਅਜਾਨ ॥੨੮॥ [ਸਲੋਕ ਮ: ੯

ਭੁਲਿਆ ਮਨੁੱਖ ਮਾਇਆ ਦੇ ਰਸਾਂ ਕਸਾਂ ਵਿਚ ਫਸ ਜਾਂਦਾ ਹੈ। ਮਾਇਆ ਦੇ ਛਿਨ-ਭੰਗਰੀ ਸੁਖਾਂ ਤੇ ਰਸਾਂ ਵਿਚੋਂ ਸਦੀਵੀ ਸੁਖ ਤੇ ਅਨੰਦ ਦੀ ਝੂਠੀ ਆਸ ਰਖ ਕੇ ਮਨੁੱਖ ਭੋਗੀ ਅਤੇ ਰੋਗੀ ਬਣ ਜਾਂਦਾ ਹੈ ਅਤੇ ਖ਼ੁਆਰ ਹੁੰਦਾ ਹੈ। ਪਰ ਕਸੂਰ ਕਿਸ ਦਾ? ਆਪਣੀ ਅਨਜਾਣ ਮਤ ਦਾ। ਧਨ, ਦੌਲਤ, ਰਾਜ, ਮਿਲਖ, ਪੁੱਤਰ, ਮਿੱਤਰ, ਸਾਕ ਅੰਗ, ਆਦਿ ਇਹ ਸਾਰੀਆਂ ਦਾਤਾਂ ਜੀਵਨ ਲਈ ਸਹਾਈ ਅਤੇ ਸੁਖਦਾਈ ਹਨ, ਪਰ



www.AKJ.Org

ਦਾਤਾਂ ਦੀ ਬਖ਼ਸ਼ਸ਼ ਕਰਨ ਵਾਲੇ ਦਾਤਾਰ ਨੂੰ ਵਿਸਾਰ ਕੇ, ਉਸ ਦੀਆਂ ਬਖ਼ਸ਼ੀਆਂ ਹੋਈਆਂ ਦਾਤਾਂ ਦੇ ਮੋਹ ਵਿਚ ਫਸ ਕੇ, ਉਹਨਾਂ ਭੋਗਾਂ ਨੂੰ ਹੀ ਜੀਵਨ ਦਾ ਨਿਸ਼ਾਨਾ ਬਣਾ ਲੈਣ ਦਾ ਨਾਮ ਹੀ ਮਾਇਆ ਹੈ—

ਤਨੁ ਧਨੁ ਜਿਹ ਤੋ ਕਉ ਦੀਓ ਤਾ ਸਿਉ ਨੇਹੁ ਨ ਕੀਨ ॥੭॥ [ਸਲੋਕ ਮ: ੯

ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ ॥ ਕਾਲ ਫਾਸ ਜਬ ਗਰਿ ਪਰੀ ਸਭ ਭਇਓ ਪਰਾਇਓ ॥੧॥੩॥ [ਤਿਲੰਗ ਮ: ੯

ਕਰਤਾ ਪੁਰਖ ਨੇ ਮਾਇਆ ਮਨੁੱਖ ਦੀ ਦਾਸੀ ਬਣਾਈ ਸੀ; ਪਰ ਅਫ਼ਸੋਸ ! ਇਹ ਧਰਤੀ ਦਾ ਸਰਦਾਰ (ਮਨੁੱਖ) ਆਪਣੀ ਦਾਸੀ ਉਤੇ ਮੋਹਿਤ ਹੋ ਕੇ ਉਸ ਦੇ ਹੱਥ ਵਿਕ ਗਿਆ ਤੇ ਉਸ ਨੂੰ ਆਪਣੀ ਮਾਲਕਾਣੀ ਸਮਝ ਕੇ ਉਸ ਦੀ ਤਾਬੇਦਾਰੀ ਇਖ਼ਤਿਆਰ ਕਰੀ ਬੈਠਾ ਹੈ—

ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥੨॥੧੦॥ [ਸੋਰਠਿ ਮ: ੯

ਮਨੁੱਖੀ ਖ਼ੁਆਰੀ ਦਾ ਇਹੋ ਮੂਲ ਕਾਰਨ ਹੈ ।

ਧਨ, ਦੌਲਤ, ਰਾਜ, ਮਿਲਖ, ਪੁੱਤਰ, ਮਿੱਤਰ, ਸਾਕ, ਸਨਬੰਧੀ ਮਾਇਆ ਦੇ ਵਖ ਵੱਖ ਰੂਪ ਹਨ । ਸਾਰੇ ਅੰਗ, ਸਾਕ, ਮਾਇਆ ਮੂਠੇ, ਆਪਣੇ ਸੁਖਾਂ ਦੇ ਹੀ ਮਤਲਬੀ ਯਾਰ ਹਨ—

ਇਹ ਜਗਿ ਮੀਤੁ ਨ ਦੇਖਿਓ ਕੋਈ ॥ ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮਹਿ ਸੰਗਿ ਨ ਹੋਈ ॥੧॥ ਰਹਾਉ ॥ ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥ ਜਬ ਹੀ ਨਿਰਧਨੁ ਦੇਖਿਓ ਨਰ ਕਉ ਸੰਗੁ ਛਾਡਿ ਸਭਿ ਭਾਗੇ ॥੧॥ [ਸੋਰਠਿ ਮ: ੯

ਉਹਨਾਂ ਨੂੰ ਸਜਣ ਸਮਝ ਕੇ ਤੇ ਉਹਨਾਂ ਦੇ ਮੋਹ ਵਿਚ ਫਸ ਕੇ, ਆਪਣੇ ਅਸਲੀ ਸਜਣ (ਵਾਹਿਗੁਰੂ) ਨੂੰ ਭੁਲਾ ਕੇ ਮਨੁੱਖ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਿਹਾ ਹੈ ਤੇ ਏਸ ਤਰ੍ਹਾਂ ਆਪਣੇ ਸ਼ੁਦਾਈ-ਪੁਣੇ ਦਾ ਸਬੂਤ ਦੇ ਰਿਹਾ ਹੈ । "ਮੇਰਾ ਮੇਰਾ" ਆਖ ਕੇ ਹਿਤ ਜਤਲਾਉਣ ਵਾਲੇ ਸਾਰੇ ਸਾਕ ਸਨਬੰਧੀ, ਮਿੱਤਰ, ਦੋਸਤ, ਸੁਖ ਵੇਲੇ ਤਾਂ ਘੇਰਾ ਘਤੀ ਰਖਦੇ ਹਨ, ਪਰ ਬਿਪਤਾ ਵੇਲੇ ਕੋਈ ਵਾਤ ਨਹੀਂ ਪੁਛਦਾ—

ਸੁਖ ਮਹਿ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸ ਘੇਰੈ ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥੧॥੧੨॥ [ਸੋਰਠਿ ਮ: ੯

ਏਥੋਂ ਤਕ ਕਿ ਜੀਵਨ ਪ੍ਰਯੰਤ ਨਾਲ ਵਿਚਰਨ ਵਾਲੀ ਜੀਵਨ-ਸਾਥਣ (ਅਰਧ-ਅੰਗੀ) ਵੀ ਸਾਥ ਛਡ ਜਾਂਦੀ ਹੈ—

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗਿ ਲਾਗੀ ॥ ਜਬ ਹੀ ਹੰਸਿ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥੧੨॥ [ਸੋਰਠਿ ਮ: ੯

ਸਰੀਰ ਨਾਲੋਂ ਵੱਖ ਹੁੰਦਿਆਂ ਸਾਰ ਸਭ ਦੀਆਂ ਅੱਖਾਂ ਹੋਰ ਹੋ ਜਾਂਦੀਆਂ ਹਨ । ਸਾਰੇ 'ਭੂਤ' 'ਭੂਤ' ਆਖ ਕੇ "ਛੇਤੀ ਕਢੋ" "ਛੇਤੀ ਕਢੋ" ਦੀ ਟੇਰ ਪੁਕਾਰ ਕਰਨ ਲਗ ਜਾਂਦੇ ਹਨ ।

ਵਾਸਤਵ ਵਿਚ ਸਾਰੀ ਮਾਇਆ ਭਰਮ-ਜਾਲ ਹੈ, ਮ੍ਰਿਗ-ਤ੍ਰਿਸ਼ਨਾ ਹੈ, ਠਗ-ਨੀਰਾ ਹੈ, ਠਗ-ਮੂਰੀ ਹੈ । ਇਸ ਦੇ ਮੋਹ ਵਿਚ ਸੰਕਟ ਹੀ ਸੰਕਟ ਹਨ—

ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥੧॥੬॥ [ਗਉੜੀ ਮ: ੯

ਪੁਸਤਕ "ਸਟੀਕ ਬਾਣੀ ਸ੍ਰੀ ਗੁਰੂ ਤੇਗ ਬਹਾਦਰ" ਵਿਚੋਂ

---

**ਪਾਠਕਾਂ ਪ੍ਰਤੀ ਸੂਚਨਾ**—ਹਰ ਮਹੀਨੇ ਸਭ ਪਾਠਕਾਂ ਦੇ ਐਡਰੈਸ ਚੈਕ ਕਰਕੇ ਪਹਿਲੀ ਤਰੀਕ ਨੂੰ ਪਰਚਾ ਡਾਕੇ ਪਾ ਦਿਤਾ ਜਾਂਦਾ ਹੈ । ਡਾਕਖ਼ਾਨੇ ਦੀ ਲਾਪਰਵਾਹੀ ਕਾਰਨ ਕਈ ਪਰਚੇ ਗੁੰਮ ਹੋ ਜਾਂਦੇ ਹਨ । ਜਿਸ ਪ੍ਰੇਮੀ ਨੂੰ ਪਰਚਾ ਨਾ ਪੁਜੇ ਉਸੇ ਮਹੀਨੇ ਹੋਰ ਪਰਚਾ ਭੇਜਣ ਲਈ ਸਾਨੂੰ ਲਿਖੇ, ਅਸੀ ਦੁਬਾਰਾ ਪਰਚਾ ਭੇਜ ਦਿਆਂਗੇ । ਬਾਅਦ ਵਿਚ ਸਾਡੇ ਪਾਸੋਂ ਪਰਚੇ ਮੁਕ ਜਾਂਦੇ ਹਨ । **ਚਿਟ ਨੰਬਰ**—ਚਿੱਠੀ ਪੱਤਰ ਤੇ ਰਕਮ ਭੇਜਣ ਲਈ ਸਦਾ ਹੀ ਆਪਣਾ ਚਿਟ ਨੰਬਰ ਲਿਖ ਕੇ ਜ਼ਰੂਰ ਭੇਜੋ । ਅਸੀਂ ਤੁਹਾਡੀ ਯਾਦਾਸ਼ਤ ਲਈ ਹਰ ਮਹੀਨੇ ਪਰਚੇ ਉਪਰ, ਐਡਰੈਸ ਤੋਂ ਪਹਿਲਾਂ, ਤੁਹਾਡਾ ਚਿਟ ਨੰਬਰ ਲਿਖ ਭੇਜਦੇ ਹਾਂ ।

www.AKJ.Org

# ਸਾਖੀ ਭੁਲੇ ਵਿਸਰੇ ਸ਼ਹੀਦਾਂ ਦੀ

[ਵਲੋਂ:—ਸ: ਜੈਦੇਵ ਸਿੰਘ ਜੀ ਹੈਡਮਾਸਟਰ ਗੁਰੂ ਨਾਨਕ ਫਿਫਥ ਸੈਨਿਟਰੀ ਸਕੂਲ, ਮਸੂਰੀ]

ਸਭਰਾਵਾਂ ਦੀ ਜੰਗ ਜਿਤ ਕੇ ਵੀ ਹਾਰੀ ਜਾ ਚੁਕੀ ਸੀ। ਅੰਗਰੇਜ਼ ਅਜੇ ਪੰਜਾਬ ਨੂੰ ਪੂਰੀ ਤਰ੍ਹਾਂ ਹੜੱਪ ਨਹੀਂ ਸੀ ਕਰ ਸਕਿਆ, ਪਰ ਇਸ ਦੇਸ ਦੀ ਕੁੰਜੀ ਉਸ ਦੇ ਹੱਥ ਜ਼ਰੂਰ ਆ ਚੁਕੀ ਸੀ। ਰਾਜ ਤਾਂ ਭਾਵੇਂ ਮਹਾਰਾਜਾ ਦਲੀਪ ਸਿੰਘ ਹੀ ਕਰਦਾ ਸੀ, ਪਰ 'ਰਾਜ ਦਾ ਕਾਜ' ਅੰਗਰੇਜ਼ ਵਲੋਂ ਮੁਕੱਰਰ ਕੀਤਾ ਰੈਜ਼ੀਡੈਂਟ ਸਰ ਜੋਹਨ ਲੌਰੈਂਸ ਚਲਾਂਦਾ ਸੀ।

ਲੌਰੈਂਸ ਦੇ ਆਦੇਸ਼ ਤੇ ਫ਼ੌਜ ਦੂਰ ਦੂਰ ਤਕ ਸਾਰੇ ਪੰਜਾਬ ਵਿਚ ਗਸ਼ਤ ਕਰਦੀ, ਤਾਂ ਜੁ ਪੰਜਾਬੀਆਂ ਦੇ ਮਨਾਂ ਤੇ ਅੰਗਰੇਜ਼ ਦਾ ਤ੍ਰਾਹ ਬੈਠ ਜਾਵੇ ਤੇ ਨਾਲ ਹੀ ਜੇ ਕਿਤੋਂ ਅਜਿਹੀ ਸੂਹ ਮਿਲਦੀ, ਜੋ ਅੰਗਰੇਜ਼ ਲਈ ਲਾਹੇਵੰਦੀ ਹੁੰਦੀ ਤਾਂ ਉਹ ਲੌਰੈਂਸ ਤਕ ਪੁਚਾਈ ਜਾਂਦੀ।

ਅਜਿਹੇ ਇਕ ਗਸ਼ਤੀ ਦਸਤੇ ਨੂੰ ਪਤਾ ਲਗਾ ਜੁ ਅੰਮ੍ਰਿਤਸਰ ਵਿਚ ਸਿਖਾਂ ਦਾ ਗੜ੍ਹ ਹਰਿਮੰਦਰ ਸਾਹਿਬ ਹੈ ਤੇ ਇਸ ਥਾਂ ਤੋਂ ਹੀ ਸਿਖ ਕੌਮ ਤੇ ਉਹਨਾਂ ਦੇ ਦਿਲਾਂ ਦਾ ਬਾਦਸ਼ਾਹ ਸ਼ੇਰੇ ਪੰਜਾਬ ਕਰਾ-ਮਾਤੀ ਤਾਕਤ ਹਾਸਲ ਕਰਦਾ ਹੁੰਦਾ ਸੀ, ਜਿਸ ਕਾਰਨ ਸਦਾ ਉਸ ਦੀ ਜਿੱਤ ਹੁੰਦੀ ਸੀ। ਇਸ ਦਸਤੇ ਦੇ ਸੂਬੇਦਾਰ ਨੇ ਕੰਪਨੀ ਕਮਾਂਡਰ ਨੂੰ ਕਿਹਾ—'ਚਲੋ ਸਾਹਿਬ, ਮੰਦਰ ਕੋ ਦੇਖੇਂ।'

ਇਸ ਤਰ੍ਹਾਂ ਕਦੇ ਅਬਦਾਲੀ ਨੂੰ ਵੀ ਏਹੀ ਗੱਲ ਦਸੀ ਗਈ ਸੀ, ਜੁ ਸਿਖਾਂ ਦੀ ਕਰਾਮਾਤੀ ਤਾਕਤ ਦਾ ਸੋਮਾ ਹਰਿਮੰਦਰ ਦਾ ਸਰੋਵਰ ਹੈ। ਉਸ ਨੇ ਸਰੋਵਰ ਨੂੰ ਪੂਰ ਦਿਤਾ ਤਾਂ ਜੁ ਸਿਖ ਮੁੜ ਇਥੋਂ ਗੈਬੀ ਤਾਕਤ ਹਾਸਲ ਨਾ ਕਰ ਸਕਣ। ਪਰ ਕਦੇ ਕਦੀ ਰਾਜਾ ਕਿਸੇ ਧਾਰਮਿਕ ਸ਼ਕਤੀ ਨੂੰ ਦਬਾ ਵੀ ਸਕਿਆ ਹੈ? ਸ਼ੇਰੇ ਪੰਜਾਬ ਨੇ ਮੁੜ ਉਸ ਸਰੋਵਰ ਨੂੰ ਸੁਰਜੀਤ ਕਰਵਾ ਸ੍ਰੀ ਹਰਿਮੰਦਰ ਸਾਹਿਬ ਦੀਆਂ ਦੀਵਾਰਾਂ ਤੇ ਸੋਨੇ ਦੇ ਪਤਰੇ ਜੜ ਦਿਤੇ।

ਯਾਦ ਰਹੇ ਜੁ ਅੰਗਰੇਜ਼ ਨੇ ਵੀ ਸ੍ਰੀ ਹਰਿਮੰਦਰ ਸਾਹਿਬ ਨੂੰ ਗਿਰਜੇ ਦਾ ਰੂਪ ਦੇਣਾ ਚਾਹਿਆ ਸੀ।

1848 ਈਸਵੀ ਦੀ ਜਨਵਰੀ ਦਾ ਆਖ਼ਰੀ ਦਿਹਾੜਾ ਸੀ। ਫ਼ੌਜੀ ਦਸਤੇ ਦੇ ਕਮਾਂਡਰ ਨੇ ਸੂਬੇਦਾਰ ਨੂੰ ਹੁਕਮ ਦਿਤਾ ਜੁ ਹਰਿਮੰਦਰ ਸਾਹਿਬ ਵੱਨੀ ਮਾਰਚ ਕਰੋ। ਜਦੋਂ ਦਸਤਾ ਬਾਹਰਲੀ ਦਰਸ਼ਨੀ ਡਿਉੜੀ ਕੋਲ ਪੁਜਾ ਤਾਂ ਉਹਨਾਂ ਨੂੰ ਇਸ ਗੱਲ ਦੀ ਗਿਆਤ ਕਰਵਾਈ ਗਈ ਜੁ ਅਗੇ ਜਾਣ ਤੋਂ ਪਹਿਲਾਂ ਜੁੱਤੀਆਂ ਉਤਾਰਨੀਆਂ ਪੈਣਗੀਆਂ, ਪਰ ਫ਼ੌਜ ਨੇ ਇਸ ਗੱਲ ਨੂੰ ਨਾ ਗੌਲਿਆ।

ਜਦੋਂ ਚੋਬਦਾਰਾਂ ਨੇ ਰੋਕਿਆ ਤਾਂ ਸੂਬੇਦਾਰ ਅਬ੍ਹਾ ਤਬ੍ਹਾ ਬੋਲ ਸੈਨਿਕ ਟੁਕੜੀ ਨੂੰ ਸਣੇ ਜੁੱਤੀਆਂ ਪਰਕਰਮਾਂ ਵਿਚ ਲੈ ਗਿਆ। ਇਸ ਤਰ੍ਹਾਂ ਇਹ ਟੁਕੜੀ ਸ੍ਰੀ ਅਕਾਲ ਤਖ਼ਤ ਸਾਹਮਣੇ ਜਾ ਪੁਜੀ।

ਸ੍ਰੀ ਅਕਾਲ ਤਖ਼ਤ ਤੇ ਬਿਰਾਜਮਾਨ ਅਕਾਲੀ ਜਥੇ ਦੇ ਜਥੇਦਾਰ ਸਰਦਾਰ ਗੰਡਾ ਸਿੰਘ ਨੇ ਅਕਾਲੀ ਫੂਲਾ ਸਿੰਘ ਜੀ ਵਲੋਂ ਬੰਨ੍ਹੀ ਮਰਯਾਦਾ ਅਨੁਸਾਰ ਉਚੀ ਪੁਕਾਰ ਕੇ ਫ਼ੌਜੀ ਟੁਕੜੀ ਨੂੰ ਆਖਿਆ, ਇਹ ਅਸਥਾਨ ਸਿੱਖ ਕੌਮ ਦੀ ਮੀਰੀ ਪੀਰੀ ਦਾ ਚਿੰਨ੍ਹ ਹੈ। ਇਸ ਦੀ ਪਵਿਤਰਤਾ ਭੰਗ ਨਹੀਂ ਕੀਤੀ ਜਾ ਸਕਦੀ। ਜੇ ਦਰਸ਼ਨ ਕਰਨੇ ਹਨ ਤਾਂ ਜੁੱਤੀਆਂ ਉਤਾਰ, ਸਿਰ ਕੱਜ ਕੇ ਕਰੋ। ਪਰ ਹੈਂਕੜੀ ਸੂਬੇਦਾਰ ਨੇ ਇਹ ਵਾਰਨਿੰਗ ਅਣਸੁਣੀ ਕਰ ਦਿੱਤੀ।

ਜਥੇਦਾਰ ਨੇ ਗੁਰਮਤਾ ਕੀਤਾ। ਅਕਾਲ ਤਖ਼ਤ ਦੇ ਸਨਮੁਖ ਖੜੇ ਹੋ ਅਰਦਾਸਾ ਸੋਧਿਆ ਤੇ ਆਪਣੇ ਨੌਂ ਦਸ ਸਾਥੀਆਂ ਸਮੇਤ ਪਵਿਤਰ ਹਰਿ-ਮੰਦਰ ਤੇ ਅਕਾਲ ਤਖ਼ਤ ਦੀ ਮਰਯਾਦਾ ਦੀ ਬੇਹੁਰਮਤੀ ਹੋਣ ਤੋਂ ਬਚਾਉਣ ਲਈ ਫ਼ੌਜੀ ਟੁਕੜੀ ਸਾਹਮਣੇ ਸੀਨਾ ਤਾਣ ਖੜਾ ਹੋ ਗਿਆ।

ਰਾਜ ਦਾ ਕੰਪਨੀ ਕਮਾਂਡਰ ਵੀ ਪੁਜ ਚੁਕਾ ਸੀ। ਉਸ ਨੇ ਅਗੇ ਵਧਣ ਦਾ ਹੁਕਮ ਦਿਤਾ, ਪਰ ਅਗੇ ਜਥੇਦਾਰ ਖੜਾ ਸੀ। ਮੁਠ-ਭੇੜ ਹੋਈ। ਜਥੇਦਾਰ ਗੰਡਾ ਸਿੰਘ ਸ਼ਹਾਦਤ ਲਈ ਉਤਾਵਲਾ ਸੀ। ਇਸ ਮੁਠ-ਭੇੜ ਵਿਚ ਹੈਂਕੜੀ ਸੂਬੇਦਾਰ ਮਾਰਿਆ ਗਿਆ।



www.AKJ.Org

ਕਮਾਂਡਰ ਜ਼ਖ਼ਮੀ ਹੋਇਆ। ਕੁਝ ਸਿਪਾਹੀ ਫਟੜ ਹੋਏ। ਅਕਾਲੀ ਸਿੰਘ ਵੀ ਜ਼ਖਮੀ ਹੋਏ ਤੇ ਫ਼ੌਜ ਦੀ ਟੁਕੜੀ ਹਰਨ ਹੋ ਗਈ।

ਲੌਰੈਂਸ ਨੂੰ ਖ਼ਬਰ ਪੁਜੀ। ਉਹ ਅੱਗ-ਭਬੂਕਾ ਹੋ ਗਿਆ। ਤਕੜੀ ਫ਼ੌਜ ਭੇਜ ਕੇ ਅਕਾਲ ਤਖ਼ਤ ਤੋਂ ਜਥੇਦਾਰ ਗੰਡਾ ਸਿੰਘ ਤੇ ਉਸ ਦੇ ਸਾਥੀ ਅਕਾਲੀਆਂ ਨੂੰ ਹਿਰਾਸਤ ਵਿਚ ਲੈ ਲਿਆ।

ਬਿਨਾ ਮੁਕੱਦਮਾ ਚਲਾਏ ਲੌਰੈਂਸ ਨੇ ਜਥੇਦਾਰ ਗੰਡਾ ਸਿੰਘ ਤੇ ਦੋ ਹੋਰ ਸਿੰਘਾਂ ਨੂੰ ਫਾਂਸੀ ਤੇ ਲਟਕਾ ਦੇਣ ਦਾ ਹੁਕਮ ਸਾਦਰ ਕਰ ਦਿਤਾ। ਬਾਕੀ ਛੇ ਅਕਾਲੀਆਂ ਨੂੰ ਬਾ-ਮੁਸ਼ੱਕਤ ਸਤ ਸਤ ਸਾਲਾਂ ਦੀ ਕੈਦ ਸੁਣਾਈ ਗਈ।

19 ਫ਼ਰਵਰੀ 1848 ਨੂੰ ਜਥੇਦਾਰ ਗੰਡਾ ਸਿੰਘ ਤੇ ਦੋ ਹੋਰ ਅਕਾਲੀ ਲਾਹੌਰ ਵਿਚ ਫਾਂਸੀ ਤੇ ਲਟਕਾ ਦਿਤੇ ਗਏ। ਬਾਕੀ ਛੇ ਅਕਾਲੀਆਂ ਨੂੰ ਬਾ-ਮੁਸ਼ੱਕਤ ਸਤ ਸਤ ਸਾਲਾਂ ਦੀ ਕੈਦ ਸੁਣਾਈ ਗਈ। ਅਤੇ ਉਹਨਾਂ ਨੂੰ ਬਰੇਲੀ ਦੀ ਜੇਲ੍ਹ ਵਿਚ ਭੇਜ ਦਿਤਾ ਗਿਆ। ਲੌਰੈਂਸ ਲਿਖਦਾ ਹੈ, ਜੁ ਇਹ ਅਕਾਲੀ ਆਮ ਲੋਕਾਂ ਵਲੋਂ ਸਤਿਕਾਰੇ ਜਾਂਦੇ ਸਨ, ਇਸ ਲਈ ਇਨ੍ਹਾਂ ਨੂੰ ਫਾਂਸੀ ਤੇ ਚੜ੍ਹਾਉਣ ਵੇਲੇ ਉਚੇਰੇ ਪ੍ਰਬੰਧ ਕਰਨੇ ਲਾਜ਼ਮੀ ਸਮਝੇ ਗਏ। ਕੈਦੀਆਂ ਨੂੰ ਵੀ ਪੰਜਾਬ ਦੀ ਜੇਲ੍ਹ ਤੋਂ ਬਾਹਰ ਰਖਣ ਦਾ ਕਾਰਨ ਵੀ ਉਹ ਇਹੋ ਦਸਦਾ ਹੈ ਜੁ ਇਨ੍ਹਾਂ ਅਕਾਲੀਆਂ ਦੀ ਲੋਕੀਂ ਸੱਚੇ ਦਿਲੋਂ ਇੱਜ਼ਤ ਕਰਦੇ ਸਨ।

ਐਤਕੀਂ ਸ੍ਰੀ ਅੰਮ੍ਰਿਤਸਰ ਦੇ ਸਥਾਪਨਾ ਦਾ ਚਾਰ ਸੌ ਸਾਲਾ ਯਾਦ ਮਨਾਈ ਜਾ ਰਹੀ ਹੈ, ਸ਼ਹਿਰ ਨੂੰ ਸੁੰਦਰ ਵਿਸ਼ਾਲ ਬਣਾਉਣ ਦੀਆਂ ਤਿਆਰੀਆਂ ਹਨ। ਇਸ ਨੂੰ 'ਹੈਬਾਤਾਤ ਨਗਰੀ' ਘੋਸ਼ਤ ਕੀਤਾ ਜਾ ਚੁਕਾ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਮਾਨਤਾ ਸਰਬ ਵਿਸ਼ਵ ਵਿਚ ਹੈ। ਸ੍ਰੀ ਅਕਾਲ ਤਖ਼ਤ ਤੋਂ ਜਾਰੀ ਹੋਇਆ ਫ਼ੁਰਮਾਨ ਕੋਈ ਸਿੱਖ ਉਲਟ ਨਹੀਂ ਸਕਦਾ।

ਪਰ ਉਸੇ ਸ਼ਹਿਰ ਅੰਮ੍ਰਿਤਸਰ ਵਿਚ ਸਰ ਜੌਹਨ ਲੌਰੈਂਸ ਦੀ ਯਾਦਗਾਰ—ਲੌਰੈਂਸ ਰੋਡ ਤਾਂ ਹੈ ਪਰ ਸ਼ਹੀਦ ਜਥੇਦਾਰ ਗੰਡਾ ਸਿੰਘ ਤੇ ਉਸ ਦੇ ਸਾਥੀਆਂ—ਸਰਦਾਰ ਖੜਗ ਸਿੰਘ, ਸਰਦਾਰ ਬਬੇਕ ਸਿੰਘ, ਸਰਦਾਰ ਹੀਰਾ ਸਿੰਘ, ਸਰਦਾਰ ਮਸਤਾਨ ਸਿੰਘ, ਸਰਦਾਰ ਗੌਹਰ ਸਿੰਘ, ਸਰਦਾਰ ਹੁਕਮ ਸਿੰਘ ਆਦਿ ਦਾ ਅੱਜ ਕਿਸੇ ਵਿਰਲੇ ਨੂੰ ਹੀ ਨਾਮ ਯਾਦ ਹੈ।

["ਗੁਰਮਤਿ ਵਿਚਾਰ ਪੱਤ੍ਰਕਾ" ੧੫-੨-੭੭

# ਇਕ ਸਿਖ ਦੋ ਸਾਧ ਸੰਗ ਪੰਜੀਂ ਪਰਮੇਸ਼ਰ

[ ਵਲੋਂ :—ਸ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ ]

ਗੁਰ ਦੀ ਕਿਰਪਾ ਹੋਏ ਸਿਖ ਗੁਰ ਦਾ ਘਰ ਆਵੇ।
ਗੁਰਬਾਣੀ ਗੁਰਵਾਕ, ਗੁਰੂ ਕੀ ਫ਼ਤਹ ਬੁਲਾਵੇ।
ਸਤੀ ਦੇ ਸੰਤੋਖ ਨਾਲ, ਖਾਏ ਤ੍ਰਿਪਤਾਵੇ।
ਇਹ ਪਹਿਲੀ ਬਖਸ਼ੀਸ਼ ਸਤਿਗੁਰੂ ਕਰਮ ਕਮਾਵੇ ॥੧॥

ਦੋ ਤਿੰਨ ਜਾਂ ਚਾਰ ਭੇਜ ਸਤਿਸੰਗ ਬਣਾਵਣ।
ਹਰਿ ਜਸ ਕੀਰਤਨ ਨਾਮ ਧੁਨ ਹਰਿ ਕੇ ਗੁਨ ਗਾਵਣ।
ਸਾਧ ਸੰਗਤ ਦੀ ਨਾਵ ਚਾੜ੍ਹ ਭਵ ਪਾਰ ਪੁਚਾਵਣ।
ਇਹ ਦੂਜੀ ਬਖਸ਼ੀਸ਼, ਜਦੋਂ ਗੁਰ ਮੇਹਰ ਕਰਾਵਣ ॥੨॥

ਸਭ ਤੋਂ ਵਡੀ ਮਿਹਰ ਜਦੋਂ ਗੁਰ ਕਰਨੀ ਚਾਂਹਦੇ,
ਪੰਜ ਪਿਆਰੇ ਭੇਜ ਸਿਖ ਨੂੰ ਆ ਵਰਸਾਂਦੇ,
ਅੰਮ੍ਰਿਤ ਖੰਡੇ ਧਾਰ ਜਦੋਂ ਕਰ ਮੇਹਰ ਛਕਾਂਦੇ,
'ਕਿਰਤੀ' ਸਭ ਪਰਵਾਰ ਵਾਹਿਗੁਰੂ ਨਾਲ ਮਿਲਾਂਦੇ ॥੩॥

www.AKJ.Org

# ਜਾਪੁ ਸਾਹਿਬ—ਕਾਵਿ ਅਨੁਵਾਦ

[ਵਲੋਂ :—ਜੇ. ਪੀ. ਸੰਗਤ ਸਿੰਘ ਜੀ. 75/3 ਮੁਲੰਡ ਕਾਲੋਨੀ, ਬੰਬਈ—82]

## *ਸਦੀਵੀ ਅਤੇ ਅੰਮ੍ਰਿਤ ਕਰਮ ਕਰਤਾ—ਪ੍ਰਭੂ*

### ਚਰਪਟ ਛੰਦ ॥ ਤ੍ਵ ਪ੍ਰਸਾਦਿ ॥

(ਇਸ ਚਰਪਟ ਛੰਦ ਦੀ ਰਚਨਾ ਤੇਰੀ ਕਿਰਪਾ ਨਾਲ ਕਰਦਾ ਹਾਂ)

**ਅੰਮ੍ਰਿਤ ਕਰਮੇ ॥ ਅੰਬ੍ਰਿਤ ਧਰਮੇ ॥ ਅਖਲ ਜੋਗੇ ॥ ਅਚਲ ਭੋਗੇ ॥੭੪॥**

**ਸ਼ਬਦਾਰਥ**—ਅੰਮ੍ਰਿਤ = ਅ + ਮ੍ਰਿਤ = ਨਾ ਖਤਮ ਹੋਣ ਵਾਲੇ, ਅਟੱਲ, ਅਮਰ, ਮ੍ਰਿਤੂ ਰਹਿਤ। ਅੰਬ੍ਰਿਤ = ਜਿਸ ਵਿਚ ਕੋਈ ਰੋਕ ਨਾ ਪਾਈ ਜਾ ਸਕੇ। ਧਰਮ = ਕਾਨੂੰਨ, ਨੀਯਮ। ਅਖੱਲ = ਅਖਿਲ = ਸਾਰੇ ਦਾ ਸਾਰਾ, ਸਮੁਚਾ। ਅਖਲ ਜੋਗੇ = ਸਾਰੇ ਦਾ ਸਾਰਾ, ਰਚਨਾ ਵਿਚ ਰਚਿਆ ਮਿਚਿਆ ਹੋਇਆ। ਅਚਲ ਭੋਗੇ = ਸਦੀਵੀ ਰਾਜ ਵਾਲਾ।

**ਭਾਵਾਰਥ** :—ਤੇਰੇ ਕਰਮ ਸਦੀਵੀ ਹਨ, ਤੇਰੇ ਕਾਨੂੰਨ ਅਟੱਲ ਹਨ। ਤੂ ਸਮੁਚੇ ਤੌਰ ਤੇ ਸੰਸਾਰ-ਰਚਨਾ ਵਿਚ ਰਚਿਆ ਮਿਚਿਆ ਹੋਇਆ ਹੈਂ ਅਤੇ ਤੇਰਾ ਰਾਜ ਅਚੱਲ ਤੇ ਸਦੀਵੀ ਹੈ।

**ਕਾਵਿ ਭਾਵਾਰਥ :—**

ਨਹੀਂ ਕਾਨੂੰਨ ਤੇਰੇ ਰੋਕੇ ਜਾ ਸਕਦੇ, ਤੇਰੇ ਕਰਮ ਅਬਿਨਾਸ਼ੀ ਅਟੱਲ ਦਾਤਾ!
ਰਚਿਆ ਮਿਚਿਆ ਹੋਇਐਂ ਰਚਨਾ ਵਿਚ ਸਾਰੀ, ਜੋਗ ਭੋਗ ਨੇ ਤੇਰੇ ਅਚੱਲ ਦਾਤਾ!

**ਅਚਲ ਰਾਜੇ ॥ ਅਟਲ ਸਾਜੇ ॥ ਅਖਲ ਧਰਮੰ ॥ ਅਲਖ ਕਰਮੰ ॥੭੫॥**

**ਸ਼ਬਦਾਰਥ**:—ਰਾਜ = ਹਕੂਮਤ। ਸਾਜ = ਰਚਨਾ। ਅਖਲ = ਸੰਪੂਰਨ। ਧਰਮ = ਕਾਨੂੰਨ। ਅਲਖ = ਲੇਖੇ ਵਿਚ ਨਾ ਆ ਸਕਣ ਵਾਲੇ, ਬੇਹਿਸਾਬ, ਬੇਸ਼ੁਮਾਰ।

**ਭਾਵਾਰਥ**—ਤੇਰਾ ਰਾਜ ਸਥਾਈ ਹੈ। ਤੇਰੀ ਸਾਜਨਾ ਸਦੀਵੀ ਹੈ। ਤੇਰੇ ਕਾਨੂੰਨ ਸੰਪੂਰਨ ਹਨ। ਉਹਨਾਂ ਵਿਚ ਕੋਈ ਕਮੀ ਨਹੀਂ। ਤੇਰੇ ਕਰਮ ਬੇਗਿਣਤ ਹਨ, ਜਿਹੜੇ ਲੇਖੇ ਵਿਚ ਨਹੀਂ ਆ ਸਕਦੇ।

**ਕਾਵਿ ਭਾਵਾਰਥ**:—

ਤੇਰਾ ਰਾਜ ਸਦੀਵ ਹੈ ਪ੍ਰਭੂ ਮੇਰੇ, ਤੇਰੀ ਸਾਜਨਾ ਵੀ ਹੈ ਅਟੱਲ ਦਾਤਾ!
ਤੇਰੇ ਨੀਯਮ ਮੁਕੰਮਲ ਸੰਪੂਰਨ ਨੇ ਸਭ, ਤੇਰੇ ਕਰਮ ਅਲੱਖ ਅਚੱਲ ਦਾਤਾ!

**ਸਰਬੰ ਦਾਤਾ ॥ ਸਰਬੰ ਗਿਆਤਾ ॥ ਸਰਬੰ ਭਾਨੇ ॥ ਸਰਬੰ ਮਾਨੇ ॥੭੬॥**

**ਸ਼ਬਦਾਰਥ** :—ਸਰਬੰ ਦਾਤਾ = ਸਭ ਨੂੰ ਦੇਣ ਵਾਲਾ। ਸਰਬੰ ਗਿਆਤਾ = ਸਭ ਦਾ ਜਾਨਣਹਾਰ। ਸਰਬੰ ਭਾਨੇ = ਸਭ ਨੂੰ ਪ੍ਰਕਾਸ਼ ਦੇਣ ਵਾਲਾ। ਸੱਰਬੰ ਮਾਨੇ = ਸਭ ਦਾ ਪੂਜਨੀਕ।

**ਭਾਵਾਰਥ** :—ਤੂੰ ਸਰਬਤ੍ਰ ਨੂੰ ਦੇਣ ਵਾਲਾ ਹੈਂ, ਸਰਬਤ੍ਰ ਦਾ ਜਾਨਣਹਾਰ ਹੈਂ। ਸਭ ਨੂੰ ਪ੍ਰਕਾਸ਼ ਦੇਣ ਵਾਲਾ ਹੈਂ ਅਤੇ ਸਰਬਤ੍ਰ ਦਾ ਹੀ ਪੂਜਯ ਹੈਂ।

**ਕਾਵਿ ਭਾਵਾਰਥ :—**

ਹਰ ਇਕ ਜੀਵ ਦਾ ਤੂੰ ਹੀ ਦਾਤਾਰ ਸੁਆਮੀ, ਤੈਨੂੰ ਸਭਸ ਦਾ ਪੂਰਨ ਗਿਆਨ ਰਹਿੰਦੈ।
ਦਾਤਾ ਸਭ ਤਾਈਂ ਤੂੰ ਹੀ ਪ੍ਰਕਾਸ਼ ਬਖ਼ਸ਼ੇਂ, ਹਰ ਇਕ ਰਿਦੇ ਵਿਚ ਤੇਰਾ ਹੀ ਮਾਨ ਰਹਿੰਦੈ।



www.AKJ.Org

**ਸਰਬੰ ਪ੍ਰਾਣੰ ॥ ਸਰਬ ਤ੍ਰਾਣੰ ॥ ਸਰਬੰ ਭੁਗਤਾ ॥ ਸਰਬੰ ਜੁਗਤਾ ॥੭੭॥**

**ਸ਼ਬਦਾਰਥ** :—ਤ੍ਰਾਣ=ਸ਼ਕਤੀ, ਜ਼ੋਰ। ਭੁਗਤਾ=ਹੁਕਮ, ਹਕੂਮਤ। ਸਰਬੰ ਜੁਗਤਾ=ਸਦਾ ਸਭ ਦੇ ਅੰਦਰ, ਸਦਾ ਸਭ ਦੇ ਅੰਗ ਸੰਗ।

**ਭਾਵਾਰਥ** :—ਸਰਬਤ੍ਰ ਜੀਵਾਂ ਦਾ ਤੂੰ ਹੀ ਪ੍ਰਾਣ ਹੈਂ, ਸਭ ਦਾ ਜ਼ੋਰ ਵੀ ਤੂੰ ਹੀ ਹੈਂ। ਸਭ ਉਤੇ ਤੇਰੀ ਹੀ ਹਕੂਮਤ ਚਲ ਰਹੀ ਹੈ ਅਤੇ ਤੂੰ ਸਦਾ ਸਭ ਦੇ ਅੰਗ ਸੰਗ ਹੈਂ।

**ਕਾਵਿ ਭਾਵਾਰਥ** :—

ਹਰ ਜੀਵ ਦਾ ਤੂੰ ਹੀ ਪ੍ਰਾਣ ਦਾਤਾ, ਸਭ ਵਿਚ ਤੇਰਾ ਹੀ ਹੈ ਤ੍ਰਾਣ ਜ਼ੋਰ ਸੁਆਮੀ।
ਸਭ ਤੇ ਚਲਦਾ ਹੈ ਤੇਰਾ ਹੀ ਹੁਕਮ ਕੇਵਲ, ਅੰਗ ਸੰਗ ਤੂੰ ਹੀ, ਨਹੀਂ ਕੋਈ ਹੋਰ ਸੁਆਮੀ।

**ਸਰਬੰ ਦੇਵੰ ॥ ਸਰਬੰ ਭੇਵੰ ॥ ਸਰਬੰ ਕਾਲੇ ॥ ਸਰਬੰ ਪਾਲੇ ॥੭੮॥**

**ਸ਼ਬਦਾਰਥ**—ਦੇਵ=ਪੂਜਯ। ਸਰਬੰ ਭੇਵੰ=ਸਭ ਦੇ ਜਾਣਨ ਵਾਲਾ। ਸਰਬੰ ਕਾਲੇ=ਸਭ ਦਾ ਕਾਲ, ਸਭ ਦੀ ਮੌਤ। ਸਰਬੰ ਪਾਲੇ=ਸਭ ਦਾ ਪਾਲਣਹਾਰਾ।

**ਭਾਵਾਰਥ**—ਤੂੰ ਸਭ ਦਾ ਹੀ ਪੂਜਯ ਦੇਵ ਹੈਂ, ਸਭ ਦੇ ਭੇਦ ਜਾਣਦਾ ਹੈਂ, ਸਭ ਦਾ ਹੀ ਕਾਲ ਵੀ ਹੈਂ ਤੇ ਸਭ ਜੀਵਾਂ ਦੀ ਪਾਲਣਾ ਵੀ ਕਰ ਰਿਹਾ ਹੈਂ।

**ਕਾਵਿ ਭਾਵਾਰਥ**:—

ਪੂਜਯ ਦੇਵ, ਤੂੰ ਹੀ ਹਰ ਇਕ ਜੀਵ ਦਾ ਹੈਂ, ਸਭ ਦੇ ਭੇਦਾਂ ਦਾ ਹੈਂ ਜਾਣਨਹਾਰ ਨਾਲੇ।
ਸਭ ਦੇ ਲਈ ਤੂੰ ਕਾਲ ਦਾ ਰੂਪ ਵੀ ਹੈਂ, ਤੇ ਸਰਬਤ ਦਾ ਹੈ ਪਾਲਨਹਾਰ ਨਾਲੇ।

## ਅਪਰ ਅਪਾਰ-ਪ੍ਰਭੂ

### ਰੂਆਲ ਛੰਦ ॥ ਤ੍ਵ ਪ੍ਰਸਾਦਿ ॥

(ਤੇਰੀ ਅਪਾਰ ਕਿਰਪਾ ਦੁਆਰਾ ਹੀ ਇਹ ਰੂਆਲ ਛੰਦ ਲਿਖਦਾ ਹਾਂ)

**ਆਦਿ ਰੂਪ, ਅਨਾਦਿ ਮੂਰਤਿ, ਅਜੋਨਿ ਪੁਰਖ ਅਪਾਰ ॥**
**ਸਰਬ ਮਾਨ, ਤ੍ਰਿਮਾਨ ਦੇਵ, ਅਭੇਵ ਆਦਿ ਉਦਾਰ ॥**
**ਸਰਬ ਪਾਲਕ, ਸਰਬ ਘਾਲਕ. ਸਰਬ ਕੋ ਪੁਨਿ ਕਾਲ ॥**
**ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ ॥**

**ਸ਼ਬਦਾਰਥ**—ਆਦਿ ਰੂਪ=ਜਿਹੜਾ ਮੁਢ ਕਦੀਮ ਤੋਂ ਹੀ ਹੋਵੇ। ਅਨਾਦਿ ਮੂਰਤਿ=ਜਿਸ ਦੀ ਹੋਂਦ ਦਾ ਆਦਿ ਨਾ ਲਭ ਸਕੇ। ਅਜੋਨਿ ਪੁਰਖ=ਜਿਹੜਾ ਜੂਨਾਂ ਵਿਚ ਨਾ ਆਉਂਦਾ ਹੋਵੇ। ਅਪਾਰ=ਜਿਸ ਦਾ ਪਾਰਾਵਾਰ ਨਾ ਮਿਲ ਸਕੇ। ਸਰਬ ਮਾਨ=ਸਭ ਦਾ ਪੂਜਯ। ਤ੍ਰਿਮਾਨ=ਤਿੰਨਾਂ ਲੋਕਾਂ ਵਿਚ ਜਿਸ ਦਾ ਮਾਨ ਸਤਿਕਾਰ ਹੋਵੇ। ਅਭੇਵ=ਜਿਸ ਦਾ ਭੇਤ ਨ ਲਭ ਸਕੇ। ਆਦਿ ਉਦਾਰ=ਮੁਢ ਤੋਂ ਹੀ ਵਿਸ਼ਾਲ ਹਿਰਦੇ ਵਾਲਾ। ਸਰਬ ਪਾਲਕ=ਸਭ ਦਾ ਪਾਲਣਹਾਰ। ਘਾਲਕ=ਸਭ ਦਾ ਨਾਸ਼ਕ, ਕਾਲ ਰੂਪ। ਪੁਨਿ=ਫਿਰ। ਕਾਲ=ਮੌਤ। ਜਤ੍ਰ ਤਤ੍ਰ=ਜਿਥੇ ਕਿਥੇ, ਹਰ ਥਾਈਂ। ਬਿਰਾਜਹੀ=ਬੈਠਾ ਹੈਂ, ਵਿਆਪਕ ਹੈਂ। ਅਵਧੂਤ=ਮਾਇਆ ਦੇ ਬੰਧਨਾਂ ਤੋਂ ਮੁਕਤ। ਰਸਾਲ=ਰਸ+ਆਲਯ, ਰਸਾਂ ਦਾ ਘਰ, ਰਸਾਂ ਦਾ ਦਾਤਾ।

**ਭਾਵਾਰਥ**—ਪ੍ਰਭੂ, ਮੁਢ ਤੋਂ ਹੀ ਤੇਰੀ ਹੋਂਦ ਹੈ। ਤੇਰੀ ਹਸਤੀ ਆਦਿ ਰਹਿਤ, ਜੂਨਾਂ ਦੇ ਚਕਰ ਤੋਂ



www.AKJ.Org

ਮੁਕਤ, ਪਾਰ ਰਹਿਤ, ਸਰਬਤ ਦੀ ਮਾਨਯੋਗ ਹੈ । ਤੂੰ ਤਿੰਨਾਂ ਹੀ ਲੋਕਾਂ ਦੇ ਜੀਵਾਂ ਦਾ ਪੂਜਣ ਯੋਗ ਦੇਵ ਹੈਂ। ਤੇਰਾ ਭੇਦ ਨਹੀਂ ਪਾਇਆ ਜਾ ਸਕਦਾ। ਤੂੰ ਮੁਢ ਤੋਂ ਹੀ ਉਦਾਰਚਿਤ ਹੈਂ, ਸਭ ਦਾ ਪਾਲਕ ਹੈਂ, ਸਭ ਦਾ ਮਾਲਕ ਹੈਂ ਅਤੇ ਸਭ ਦੀ ਮੌਤ ਰੂਪ ਹੈਂ। ਹਰ ਥਾਂ ਹੀ ਮੌਜੂਦ ਹੈਂ, ਮਾਇਆ ਦੇ ਬੰਧਨਾਂ ਤੋਂ ਮੁਕਤ ਹੈਂ ਅਤੇ ਰਸਾਂ ਦਾ ਰੂਪ ਹੈਂ।

**ਕਾਵਿ ਭਾਵਾਰਥ :–**

'ਮੇਰੇ ਪ੍ਰੀਤਮ ਨਹੀਂ ਕੋਈ ਆਦਿ ਤੇਰਾ, ਤੂੰ ਅਨਾਦ ਹੈਂ ਮੇਰੇ ਦਾਤਾਰ ਪਿਆਰੇ !
ਜਨਮ ਮਰਨ ਤੋਂ ਮੁਕਤ ਅਜੋਨੀ ਹੈਂ ਤੂੰ, ਤੇਰੀ ਹੋਂਦ ਹੈ ਅਪਰ ਅਪਾਰ ਪਿਆਰੇ !
ਤਿੰਨਾਂ ਲੋਕਾਂ ਦਾ ਹੀ ਪੂਜਯ ਦੇਵ ਹੈਂ ਤੂੰ, ਹਰ ਇਕ ਰਿਦੇ ਵਿਚ ਤੇਰਾ ਸਤਿਕਾਰ ਪ੍ਰੀਤਮ।
ਤੇਰਾ ਰਤੀ ਵੀ ਮਿਲੇ ਨ ਭੇਦ ਕੋਈ, ਤੂੰ ਹੈਂ ਆਦਿ ਤੋਂ ਪਰਮ-ਉਦਾਰ ਪ੍ਰੀਤਮ।
ਸਭ ਦਾ ਪਾਲਕ ਵੀ ਏਂ, ਸਭ ਦਾ ਮਾਲਕ ਵੀ ਤੂੰ, ਪਾਲਣਹਾਰ ਸਭ ਦਾ ਤੂੰ ਪ੍ਰਤਿਪਾਲ ਸੁਆਮੀ !
ਸਭ ਦਾ ਘਾਲਕ ਤੂੰ ਹੀ, ਨਾਸ਼ ਕਰੇਂ ਸਭ ਨੂੰ, ਹਰ ਇਕ ਜੀਵ ਦਾ ਤੂੰ ਹੀ ਹੈਂ ਕਾਲ ਸੁਆਮੀ !
ਜਿਥੇ ਕਿਥੇ ਹਰ ਥਾਏਂ ਵਿਆਪਕ ਹੈਂ ਤੂੰ, ਸਦਾ ਹਾਜ਼ਰ ਹਜ਼ੂਰ ਸਰੂਪ ਤੇਰਾ।
ਮਾਇਕ ਬੰਧਨਾਂ ਤੋਂ ਮੁਕਤ ਪ੍ਰਭੂ ਮੇਰੇ, ਘਰ ਹੈ ਰਸਾਂ ਦਾ ਦਾਤਾ ਰਸ-ਰੂਪ ਤੇਰਾ।

**ਨਾਮ ਠਾਮ ਨ ਜਾਤ ਜਾਕਰ, ਰੂਪ ਰੰਗ ਨ ਰੇਖ ॥
ਆਦਿ ਪੁਰਖ, ਉਦਾਰ ਮੂਰਤਿ, ਅਜੋਨਿ ਆਦਿ ਅਸੇਖ ॥
ਦੇਸ ਅਉਰ ਨ ਭੇਸ ਜਾਕਰ, ਰੂਪ, ਰੇਖ, ਨ ਰਾਗ ॥
ਜੱਤ੍ਰ ਤੱਤ੍ਰ ਦਿਸਾ ਵਿਸਾ, ਹੁਇ ਫੈਲਿਓ ਅਨੁਰਾਗ ॥੮੦॥**

**ਸ਼ਬਦਾਰਥ**:–ਠਾਮ=ਥਾਂ, ਟਿਕਾਣਾ। ਜਾਕਰ=ਜਿਸਦੀ। ਅਸੇਖ=ਜਿਸ ਵਿਚ ਕੋਈ ਕੂਣ ਕਸਰ ਨ ਹੋਵੇ। ਜਤ੍ਰ ਤਤ੍ਰ=ਹਰ ਥਾਈਂ। ਦਿਸਾ=ਚੌਹਾਂ ਦਿਸਾ ਵਿਚ (ਉਤਰ, ਪੱਛਮ, ਦੱਖਣ ਤੇ ਪੂਰਬ)। ਵਿਸਾ= ਵਿਦਿਸਾਂ, ਕੋਨਿਆਂ, ਨੁਕਰਾਂ, ਝੀਤਾਂ, ਤੇੜਾਂ ਵਿਚ। ਅਨੁਰਾਗ=ਪ੍ਰੇਮ, ਮੋਹ।

**ਭਾਵਾਰਥ**:–ਪ੍ਰਭੂ, ਤੂੰ ਨਾਉਂ ਰਹਿਤ, ਜਾਤਿ ਰਹਿਤ, ਰੂਪ ਰਹਿਤ, ਰੰਗ ਰਹਿਤ ਅਤੇ ਰੇਖ ਰਹਿਤ ਹੈਂ, ਮੁਢ ਤੋਂ ਹੀ ਉਦਾਰਚਿਤ ਹੈਂ, ਜੂਨਾਂ ਤੋਂ ਮੁਕਤ ਹੈਂ। ਤੇਰੇ ਵਿਚ ਕੋਈ ਕੂਣ ਕਸਰ ਨਹੀਂ ਹੈ।

**ਕਾਵਿ ਭਾਵਾਰਥ :–**

ਜਾਤ ਪਾਤ ਨ ਕੋਈ ਹੈ ਰੂਪ ਤੇਰਾ, ਨਾਹੀ ਕੋਈ ਵਿਸ਼ੇਸ਼ ਹੈ ਨਾਮ ਤੇਰਾ !
ਤੇਰਾ ਰੰਗ ਕੋਈ ਨਾ, ਨਾ ਹੀ ਰੇਖ ਕੋਈ, ਨਾ ਵਿਸ਼ੇਸ਼ ਅਸਥਾਨ ਕੋਈ ਧਾਮ ਤੇਰਾ !
ਸਭ ਦਾ ਮੂਲ ਹੈਂ ਤੂੰ, ਜੜ੍ਹ ਹੈਂ ਸਾਰਿਆਂ ਦੀ, ਸਭ ਵਿਚ ਵਿਆਪਕ ਹੈਂ ਮੇਰੇ ਉਦਾਰ ਪ੍ਰੀਤਮ !
ਤੂੰ ਸੰਪੂਰਨ ਹੈਂ, ਤੇਰੇ ਵਿਚ ਕਮੀ ਕੋਈ ਨਹੀਂ, ਜਨਮ ਮਰਨ ਤੋਂ ਮੁਕਤ ਦਾਤਾਰ ਪ੍ਰੀਤਮ !
ਦੇਸ, ਭੇਸ ਨ ਰੂਪ ਨ ਰੇਖ ਕੋਈ, ਤੇਰੇ ਵਿਚ ਨ ਦ੍ਵੈਸ਼ ਨ ਰਾਗ ਦਾਤਾ !
ਜਿਥੇ ਕਿਥੇ ਹਰ ਪਾਸੇ ਹੀ ਪਸਰਿਆ ਹੈਂ, ਬਣ ਕੇ ਪ੍ਰੇਮ ਪਿਆਰ ਅਨੁਰਾਗ ਦਾਤਾ !

**ਨਾਮ ਕਾਮ ਬਿਹੀਨ ਪੇਖਤ, ਧਾਮ ਹੂੰ ਨਹਿ ਜਾਹਿ ॥
ਸਰਬਮਾਨ, ਸਰਬਤ੍ਰ ਮਾਨ, ਸਦੈਵ ਮਾਨਤ ਤਾਹਿ ॥
ਏਕ ਮੂਰਤਿ, ਅਨੇਕ ਦਰਸਨ, ਕੀਨ ਰੂਪ ਅਨੇਕ ॥
ਖੇਲ ਖੇਲ, ਅਖੇਲ ਖੇਲਨ, ਅੰਤ ਕੋ ਫਿਰਿ ਏਕ ॥੮੧॥**

**ਸ਼ਬਦਾਰਥ** :–ਏਕ ਮੂਰਤਿ=ਕੇਵਲ ਇਕੋ ਇਕ ਹਸਤੀ। ਅਨੇਕ ਦਰਸਨ=ਬੇਗਿਣਤ ਰੂਪਾਂ ਵਾਲਾ।



www.AKJ.Org

ਅਖੇਲ ਖੇਲਨ=ਨਾ ਖੇਡੀਆਂ ਜਾ ਸਕਣ ਵਾਲੀਆਂ ਖੇਡਾਂ, ਅਜਿਹੇ ਕੰਮ ਜਿਨ੍ਹਾਂ ਦਾ ਚਿਤ ਚੇਤਾ ਵੀ ਨਾ ਹੋਵੇ। ਅੰਤ ਕੋ=ਅਖੀਰ ਨੂੰ। ਫਿਰਿ ਏਕ=ਮੁੜ ਕੇ ਇਕੱਲਾ ਹੀ।

**ਭਾਵਾਰਥ** :—ਤੂੰ ਨਾਮ ਰਹਿਤ, ਕਾਮਨਾ ਰਹਿਤ ਹੈਂ। ਤੇਰਾ ਕੋਈ ਖ਼ਾਸ ਥਾਂ ਵੀ ਨਹੀਂ ਦਿਸਦਾ। ਸਭ ਤੇਰਾ ਮਾਣ ਕਰਦੇ ਹਨ, ਤੂੰ ਸਭ ਦਾ ਪੂਜ ਹੈਂ। ਸਦਾ ਹੀ ਤੇਰੀ ਮਾਨਤਾ ਹੁੰਦੀ ਹੈ। ਤੂੰ ਇਕੱਲਾ ਹੀ ਹੈਂ, ਪਰ ਉਸ ਵਿਚ ਵੀ ਤੇਰੇ ਬੇਗਿਣਤ ਰੂਪ ਹਨ, ਜਿਹੜੇ ਸੰਸਾਰ ਵਿਚ ਉਪਤ ਤੇ ਪਰਲੋ ਦੀ ਖੇਡ ਖੇਡ ਰਹੇ ਹਨ ਤੇ ਅੰਤ ਵਿਚ ਮੁੜ ਕੇ ਫਿਰ ਇਕੋ ਹੀ ਰਹਿ ਜਾਂਦਾ ਹੈਂ।

**ਕਾਵਿ ਭਾਵਾਰਥ** :—

ਵਿਸ਼ੇ ਭੋਗਾਂ ਤੋਂ ਉਚੇਰ ਹੈ ਪ੍ਰਭੂ ਮੇਰਾ, ਹੈ ਨਹੀਂ ਖਾਸ ਵਿਸ਼ੇਸ਼ ਕੋਈ ਨਾਮ ਤੇਰਾ !
ਦਿਸਦਾ ਨਹੀਂ ਕੋਈ ਖ਼ਾਸ ਅਸਥਾਨ ਵੀ ਤਾਂ, ਨਾ ਕੋਈ ਘਰ ਤੇਰਾ ਨਾ ਕੋਈ ਧਾਮ ਤੇਰਾ !
ਹਰ ਇਕ ਰਿਦੇ ਵਿਚ ਹੈ ਤੇਰਾ ਮਾਣ ਪ੍ਰੀਤਮ, ਹਰ ਇਕ ਦਿਲ ਵਿਚ ਤੇਰਾ ਸਤਿਕਾਰ ਦਾਤਾ !
ਹਰ ਘੜੀ, ਹਰ ਸਮੇਂ, ਸਦੀਵ, ਹਰ ਥਾਂ, ਹਰ ਕੋਈ ਪੂਜਦੈ ਤੈਨੂੰ ਕਰਤਾਰ ਦਾਤਾ !
ਇਕੋ ਮਾਤ੍ਰ ਹੈਂ, ਤੇਰੇ ਜਿਹਾ ਹੋਰ ਕੋਈ ਨਹੀਂ, ਫਿਰ ਵੀ ਤੇਰੇ ਬੇਗਿਣਤ ਨੇ ਰੂਪ ਪ੍ਰੀਤਮ !
ਸਾਰੇ ਜਿਤਨੇ ਇਹ ਰੂਪ ਸਰੂਪ ਨੇ ਸਭ, ਸਾਰੇ ਤੇਰੇ ਹੀ ਰੂਪ ਸਰੂਪ ਪ੍ਰੀਤਮ !
ਖੇਡੇਂ ਖੇਡਾਂ, ਨਾ ਖੇਡੀਆਂ ਜਾ ਸਕਣ ਜੋ, ਖੇਡਾਂ ਜਿਹੀਆਂ ਤੂੰ ਖੇਡੇਂ ਅਨੇਕ ਦਾਤਾ !
ਤੇ ਜਦ ਅੰਤ ਨੂੰ ਖੇਡ ਸਮੇਟ ਲੈਨੈਂ, ਤਾਂ ਰਹਿ ਜਾਏਂ ਇਕੱਲਾ ਮੁੜ ਏਕ ਦਾਤਾ !

**ਦੇਵ ਭੇਵ ਨ ਜਾਨਹੀ ਜਿਹ, ਬੇਦ ਅਉਰ ਕਤੇਬ॥**
**ਰੂਪ ਰੰਗ ਨ ਜਾਤਿ ਪਾਤਿ, ਸੁ ਜਾਨਈ ਕਿਹ ਜੇਬ॥**
**ਤਾਤ ਮਾਤ ਨ ਜਾਤ ਜਾਕਰ, ਜਨਮ ਮਰਨ ਬਿਹੀਨ॥**
**ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ ਮਾਨਹੀ ਪੁਰ ਤੀਨ॥੯੨॥**

**ਸ਼ਬਦਾਰਥ** :—ਭੇਵ=ਭੇਦ। ਜਾਨਹੀ=ਜਾਣਦੇ ਹਨ। ਜਿਹ=ਜਿਸਦਾ। ਜੇਬ=ਨੁਹਾਰ, ਜਬ੍ਹਾ। ਮਾਤ=ਮਾਤਾ। ਤਾਤ=ਪਿਤਾ। ਜਾਤ=ਜਾਤੀ। ਜਾਕਰ=ਜਿਸਦਾ। ਬਿਹੀਨ=ਮੁਕਤ। ਬਕ੍ਰ=ਵਕਰ, ਭਿਆਨਕ। ਚਤੁਰ ਚਕ=ਚੌਹਾਂ ਚਕਾਂ, ਚੌਹਾਂ ਕੂੰਟਾਂ ਵਿਚ। ਮਾਨ ਹੀ=ਮੰਨਦੇ ਹਨ। ਪੁਰ ਤੀਨ=ਤਿੰਨਾਂ ਪੁਰੀਆਂ ਵਿਚ, ਤਿੰਨਾਂ ਲੋਕਾਂ ਵਿਚ।

**ਭਾਵਾਰਥ**—ਤੇਰਾ ਭੇਦ ਨਾ ਦੇਵਤੇ ਜਾਣਦੇ ਹਨ ਨਾ ਵੇਦ ਤੇ ਕਤੇਬਾਂ ਹੀ। ਤੇਰਾ ਰੂਪ, ਰੰਗ ਜਾਤ, ਕੁਲ ਤੇ ਤੇਰਾ ਜਬ੍ਹਾ ਕੋਈ ਨਹੀਂ ਜਾਣਦਾ। ਨਾ ਹੀ ਕੋਈ ਤੇਰੇ ਪਿਤਾ, ਮਾਤਾ, ਜਾਤ ਗੋਤ ਬਾਰੇ ਹੀ ਕੁਝ ਜਾਣਦਾ ਹੈ। ਤੂੰ ਜਨਮ ਮਰਨ ਤੋਂ ਮੁਕਤ ਹੈਂ ਤੇ ਚੌਹਾਂ ਕੂੰਟਾਂ ਵਿਚ ਹੀ ਤੇਰਾ ਭਿਆਨਕ ਕਾਲ ਚਕਰ ਚਲ ਰਿਹਾ ਹੈ ਅਤੇ ਤਿੰਨਾਂ ਹੀ ਲੋਕਾਂ ਦੇ ਵਾਸੀ ਤੇਰੀ ਮਾਨਤਾ ਕਰਦੇ ਹਨ।

**ਕਾਵਿ ਭਾਵਾਰਥ**—

ਦੇਵੀ ਦੇਵ, ਨਾ ਜਾਣਦੇ ਭੇਦ ਕੋਈ, ਨਾ ਕੁਰਾਨ, ਅੰਜੀਲ ਨਾ ਵੇਦ ਕੋਈ।
ਰੂਪ ਰੰਗ ਨ ਜਬ੍ਹਾ, ਨ ਵਰਨ ਜਾਤੀ, ਜਾਣ ਸਕਦਾ ਨਹੀਂ ਤੇਰਾ ਭੇਤ ਕੋਈ।
ਮਾਤਾ ਪਿਤਾ ਤੇਰਾ, ਨ ਕੋਈ ਜਾਤ ਤੇਰੀ, ਜਨਮ ਮਰਨ ਤੋਂ ਮੁਕਤ ਦਾਤਾਰ ਮੇਰਾ।
ਕਾਲ-ਚਕਰ ਚਹੁੰ ਲੋਕਾਂ ਵਿਚ ਫਿਰੇ ਤੇਰਾ, ਤਿੰਨਾਂ ਲੋਕਾਂ ਵਿਚ ਮਾਨ ਸਤਿਕਾਰ ਤੇਰਾ।



www.AKJ.Org

ਲੋਕ ਚਉਦਹ ਕੈ ਬਿਖੈ, ਜਗ ਜਾਪਹੀ ਜਿਹ ਜਾਪ ॥
ਆਦਿ ਦੇਵ, ਅਨਾਦਿ ਮੂਰਤਿ, ਥਾਪਿਓ ਸਬੈ ਜਿਹ ਥਾਪ ॥
ਪਰਮ ਰੂਪ, ਪੁਨੀਤ ਮੂਰਤਿ, ਪੂਰਨ ਪੁਰਖ ਅਪਾਰ ॥
ਸਰਬ ਬਿਸਵ ਰਚਿਓ, ਸੁਯੰਭਵ, ਗੜਨ ਭੰਜਨਹਾਰ ॥੮੩॥

**ਸ਼ਬਦਾਰਥ** :—ਲੋਕ ਚਉਦਹ=ਚੌਦਾਂ ਲੋਕਾਂ ਵਿਚ, ਸਾਰੀ ਸ੍ਰਿਸ਼ਟੀ ਵਿਚ। ਜਗ=ਜੀਵ ਮਾਤ੍ਰ, ਜਗਤ ਦੇ ਸਾਰੇ ਜੀਵ। ਜਾਪ ਹੀ=ਜਪਦੇ ਹਨ। ਜਿਹ=ਜਿਸ ਦਾ। ਥਾਪਿਓ ਸਬੈ=ਸਾਰੀ ਹੀ ਰਚਨਾ ਰਚੀ ਹੈ। ਪਰਮ ਰੂਪ=ਪਰਮ ਉਚ ਹਸਤੀ। ਪੁਨੀਤ ਮੂਰਤ=ਪਵਿਤਰ ਹਸਤੀ। ਪੁਨੀਤ ਮੂਰਤ=ਪਵਿਤਰ ਹਸਤੀ। ਪੂਰਨ=ਮੁਕੰਮਲ, ਜਿਸ ਵਿਚ ਕੋਈ ਕਮੀ ਨਾ ਹੋਵੇ। ਪੁਰਖ ਅਪਾਰ=ਜਿਸ ਦਾ ਕੋਈ ਪਾਰਾਵਾਰ ਨਾ ਮਿਲ ਸਕੇ। ਸਰਬ=ਸਾਰੀ। ਬਿਸ੍ਵ—ਸ੍ਰਿਸ਼ਟੀ। ਸੁਯੰਭਵ=ਜੋ ਆਪਣੇ ਹੀ ਆਪ ਤੋਂ ਪਰਗਟ ਹੋਇਆ ਹੋਵੇ। ਗੜਨ ਭੰਜਨਹਾਰ=ਪੈਦਾ ਕਰਨ ਅਤੇ ਖੈ ਕਰਨ ਦੇ ਸਮਰਥ।

**ਭਾਵਾਰਥ**—ਚੌਦਾਂ ਲੋਕਾ ਵਿਚ, ਸਾਰੇ ਜੀਵ ਤੇਰਾ ਜਾਪ ਕਰ ਰਹੇ ਹਨ। ਤੂੰ ਹੀ ਸਭ ਤੋਂ ਪਹਿਲੀ ਪੂਜਣ-ਯੋਗ ਹਸਤੀ ਹੈਂ, ਜਿਸ ਦਾ ਕੋਈ ਮੁਢ ਨਹੀਂ ਲੱਭ ਸਕਿਆ ਤੇ ਜਿਸ ਨੇ ਇਹ ਸਾਰੀ ਸ੍ਰਿਸ਼ਟੀ-ਰਚਨਾ ਰਚੀ ਹੈ।

ਤੂੰ ਸਭ ਤੋਂ ਉਚਤ ਹੈਂ, ਪਵਿਤ੍ਰ ਹੈਂ, ਪੂਰਨ ਹੈਂ, ਸਭ ਵਿਚ ਵਿਆਪਕ ਹੈਂ ਤੇ ਬਿਅੰਤ ਹੈਂ। ਤੂੰ ਆਪ ਆਪਣੇ ਆਪ ਤੋਂ ਹੀ ਪ੍ਰਗਟ ਹੋਇਆ ਹੈਂ, ਸਾਰੀ ਜਗ-ਰਚਨਾ ਤੇਰੀ ਹੀ ਕੀਤੀ ਹੋਈ ਹੈ। ਤੂੰ ਹੀ ਘੜਨ ਵਾਲਾ ਹੈਂ, ਤੂੰ ਹੀ ਨਾਸ ਕਰਨ ਵਾਲਾ ਹੈਂ।

**ਕਾਵਿ ਭਾਵਰਾਥ**—

ਚੌਦ੍ਹਾਂ ਲੋਕਾਂ ਵਿਚ ਹਰ ਇਕ ਹੀ ਜੀਵ ਜੰਤੂ, ਜਪਦੈ ਸਦਾ ਬਸ ਤੇਰਾ ਹੀ ਨਾਮ ਪ੍ਰੀਤਮ !
ਤੂੰ ਹੀ ਆਦਿ ਤੋਂ ਪੂਜਯ ਅਨਾਦ ਮੂਰਤ, ਰਖੀ ਥਾਪਣਾ ਸਭ ਤੂੰਹੀਓਂ ਥਾਪ ਪ੍ਰੀਤਮ !
ਤੇਰਾ ਰੂਪ ਮਹਾਨ, ਪਵਿਤ੍ਰ ਮੂਰਤ, ਪਰੀਪੂਰਨ, ਤੇ ਅਪਰ ਅਪਾਰ ਦਾਤਾ !
ਸਭ ਸਰਿਸ਼ਟੀ ਦਾ ਹੈਂ ਰਚਨਹਾਰ ਤੂੰ ਹੀ, ਸਭ ਦਾ ਤੂੰਹੀਓਂ ਘੜਨ ਭੰਜਨਹਾਰ ਦਾਤਾ !

ਕਾਲ ਹੀਨ, ਕਲਾ ਸੰਜੁਗਤਿ, ਅਕਾਲ ਪੁਰਖ ਅਦੇਸ ॥
ਧਰਮ ਧਾਮ ਸੁ ਭਰਮ ਰਹਿਤ, ਅਭੂਤ ਅਲਖ ਅਭੇਸ ॥
ਅੰਗ ਰਾਗ ਨ ਰੰਗ ਜਾ ਕਹ, ਜਾਤ ਪਾਤ ਨਾ ਨਾਮ ॥
ਗਰਬ ਗੰਜਨ, ਦੁਸ਼ਟ ਭੰਜਨ, ਮੁਕਤਿ ਦਾਇਕ ਕਾਮ ॥੮੪॥

**ਸ਼ਬਦਾਰਥ**:—ਕਾਲਹੀਨ=ਮੌਤ ਤੋਂ ਮੁਕਤ। ਕਲਾ=ਸਮ੍ਰਥਾ। ਸੰਜੁਗਤ=ਸੰਪੰਨ, ਸੰਪੂਰਨ। ਅਦੇਸ=ਨਮਸਕਾਰ। ਧਰਮ ਧਾਮ=ਧਰਮ ਦਾ ਘਰ। ਭਰਮ ਰਹਿਤ=ਭਰਮ ਮੁਕਤ। ਅਭੂਤ=ਤੱਤ ਮੁਕਤ। ਅਲਖ=ਅਦ੍ਰਿਸ਼ਟ। ਅਭੇਸ=ਭੇਸ ਰਹਿਤ। ਅੰਗ ਰਾਗ ਨ=ਜਿਸ ਨੂੰ ਸਰੀਰ ਦਾ ਮੋਹ ਨਾ ਹੋਵੇ। ਜਾਕਹ=ਜਿਸ ਪ੍ਰਭੂ ਦਾ। ਪਾਤਿ=ਕੁਲ। ਗਰਬ=ਹੰਕਾਰ। ਗੰਜਨ=ਤੋੜਨ ਵਾਲਾ। ਮੁਕਤਿ ਦਾਇਕ=ਮੁਕਤੀ ਦੇਣ ਵਾਲਾ। ਕਾਮ=ਕੰਮ, ਬਿਰਦ।

**ਭਾਵਾਰਥ**—ਮੌਤ ਤੋਂ ਮੁਕਤ, ਪੂਰਨ ਸਮ੍ਰਥਾ ਵਾਲਾ। ਜਿਸ ਦਾ ਕੋਈ ਧਰਮ, ਅਸਥਾਨ ਤੇ ਭੇਸ ਨਹੀਂ ਹੈ, ਜਿਹੜਾ ਭਰਮਾਂ ਤੋਂ ਮੁਕਤ ਹੈ, ਤਤਾਂ ਤੋਂ ਉਚ ਤੇ ਅਦ੍ਰਿਸ਼ਟ ਹੈ, ਉਸ ਨੂੰ ਨਮਸਕਾਰ ਕਰਦਾ ਹਾਂ। ਜਿਸ ਨੂੰ ਸਰੀਰ ਦਾ ਕੋਈ ਮੋਹ ਨਹੀਂ, ਨਾ ਕੋਈ ਰੰਗ ਹੈ, ਜਿਸ ਦੀ ਨਾ ਜ਼ਾਤ ਹੈ ਨਾ ਕੁਲ ਹੈ, ਨਾ ਕੋਈ ਨਾਮ ਹੈ। ਜਿਹੜਾ ਹੰਕਾਰ ਨੂੰ ਤੋੜਨ ਵਾਲਾ ਹੈ, ਦੁਸ਼ਟਾਂ ਦਾ ਨਾਸ ਕਰਨਹਾਰ ਤੇ ਮੁਕਤੀ ਦਾ ਦਾਤਾ ਹੈ।



www.AKJ.Org

**ਕਾਵਿ ਭਾਵਾਰਥ :–**

ਤੈਨੂੰ ਕਾਲ ਜਾਂ ਮੌਤ ਨਹੀਂ ਪੋਹ ਸਕਦੀ, ਸਰਬ ਕਲਾ ਸੰਪੂਰਨ ਦਾਤਾਰ ਮੇਰੇ।
ਨਮਸਕਾਰ ਮੇਰੀ ਹੈ ਡੰਡੋਤ ਬੰਦਨਾ, ਦਾਤਾ ਪੁਰਖ ਅਕਾਲ ਕਰਤਾਰ ਮੇਰੇ।
ਪੰਜਾਂ ਤੱਤਾਂ ਤੋਂ ਤੂੰ ਨਹੀਂ ਮੂਲ ਬਣਿਆ, ਘਰ ਹੈਂ ਧਰਮ ਦਾ ਤੂੰ, ਹੇ ਦਾਤਾਰ ਪ੍ਰੀਤਮ।
ਤੂੰ ਅਦ੍ਰਿਸ਼ਟ ਹੈਂ, ਤੇਰਾ ਕੋਈ ਭੇਸ ਨਹੀਂ ਹੈ, ਵਹਿਮਾਂ ਭਰਮਾਂ ਤੋਂ ਮੁਕਤ ਕਰਤਾਰ ਪ੍ਰੀਤਮ।
ਮੋਹ ਸਰੀਰ ਦਾ ਨਾ ਜ਼ਾਤ ਪਾਤ ਕੋਈ, ਕੋਈ ਰੰਗ ਤੇਰਾ ਨਾ ਹੈ ਨਾਮ ਤੇਰਾ।
ਗਰਬ ਤੋੜਨਾ, ਦੁਸ਼ਟਾਂ ਦਾ ਨਾਸ ਕਰਨਾ, ਮੁਕਤੀ ਬਖਸ਼ਣਾ ਦਾਤਾ ਹੈ ਕਾਮ ਤੇਰਾ।

**ਆਪ ਰੂਪ, ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ ॥
ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ ॥
ਅੰਗ ਹੀਨ, ਅਭੰਗ, ਅਨਾਤਮ, ਏਕ ਪੁਰਖ ਅਪਾਰ ॥
ਸਰਬ ਲਾਇਕ, ਸਰਬ ਘਾਇਕ, ਸਰਬ ਕੋ ਪ੍ਰਤਿਪਾਰ ॥੮੫॥**

**ਸ਼ਬਦਾਰਥ :–**ਆਪ ਰੂਪ=ਆਪਣੇ ਆਪ ਤੋਂ ਹੀ ਬਣਿਆ ਰੂਪ। ਅਮੀਕ=ਅਤੀ ਡੂੰਘਾ। ਅਨ ਉਸਤਤਿ=ਜਿਸ ਦੀ ਉਸਤਤਿ ਕੀਤੀ ਨ ਜਾ ਸਕੇ। ਏਕ ਪੁਰਖ=ਇਕੋ ਇਕ, ਲਾ-ਸ਼ਰੀਕ। ਅਵਧੂਤ=ਮਾਇਆ ਦੇ ਬੰਧਨਾਂ ਤੋਂ ਨਿਰਲੇਪ। ਅਭੰਗ=ਅਬਿਨਾਸ਼ੀ। ਲਾਇਕ=ਯੋਗ। ਸਰਬ ਲਾਇਕ=ਸਭਨਾਂ ਤੋਂ ਵਧ ਯੋਗ। ਘਾਇਕ=ਨਾਸ ਕਰਨ ਵਾਲਾ। ਪ੍ਰਤਿਪਾਲ=ਪਾਲਣਾ ਕਰਨ ਵਾਲਾ।

**ਭਾਵਾਰਥ :–**ਤੇਰਾ ਰੂਪ ਆਪਣੇ ਆਪ ਤੋਂ ਹੈਂ; ਤੂੰ ਅਤੀ ਡੂੰਘਾ ਹੈਂ, ਤੇਰੀ ਉਸਤਤਿ ਕੀਤੀ ਨਹੀਂ ਜਾ ਸਕਦੀ। ਤੂੰ ਇਕੋ ਇਕ ਹੈਂ, ਮਾਇਆ ਤੋਂ ਨਿਰਲੇਪ ਹੈਂ, ਸਭ ਦਾ ਨਾਸ ਕਰਨ ਵਾਲਾ ਹੈਂ, ਹੰਕਾਰ ਤੋੜਨ ਵਾਲਾ ਹੈਂ, ਤੇਰੀ ਹਸਤੀ ਮੁਢ ਤੋਂ ਹੀ ਹੈ। ਤੇਰਾ ਕਦੇ ਜਨਮ ਨਹੀਂ ਹੋਇਆ, ਸਰੀਰ ਰਹਿਤ ਹੈਂ, ਅਬਿਨਾਸ਼ੀ ਹੈਂ, ਆਤਮਾ ਰਹਿਤ ਹੈਂ, ਇਕੋ ਇਕ ਹੈਂ, ਤੇਰਾ ਪਾਰ ਨਹੀਂ ਪਾਇਆ ਜਾ ਸਕਦਾ। ਸਭ ਤੋਂ ਵਧ ਯੋਗ ਅਤੇ ਸਭ ਦੀ ਪ੍ਰਤਿਪਾਲਣਾ ਕਰਨ ਵਾਲਾ ਹੈਂ।

**ਕਾਵਿ ਭਾਵਾਰਥ :–**

ਅਤੀ ਡੂੰਘਾ, ਨ ਹੋ ਸਕੇ ਤੇਰੀ ਉਸਤਤਿ, ਆਪਣੇ ਆਪ ਤੋਂ ਹੀ ਪਰਗਟ ਰੂਪ ਤੇਰਾ।
ਇਕੋ ਮਾਤ੍ਰ ਹੈਂ ਸਰਬ ਵਿਆਪਕ ਹੈਂ ਤੂੰ, ਮਾਇਆ ਬੰਧਨਾਂ ਤੋਂ ਮੁਕਤ ਸਰੂਪ ਤੇਰਾ।
ਤੂੰ ਹੰਕਾਰ ਹੰਤਾ ਸਭ ਦਾ ਨਾਸ ਕਰਤਾ, ਆਦਿ ਰੂਪ, ਅਜਨਮਾ ਹੈਂ ਮੇਰੇ ਪ੍ਰੀਤਮ।
ਆਤਮ-ਹੀਨ, ਅੰਗ-ਹੀਨ ਨ ਨਾਸ ਹੋਵੇਂ; ਇਕੋ ਇਕ, ਬਿਅੰਤ ਹੈਂ ਮੇਰੇ ਪ੍ਰੀਤਮ।
ਤੂੰ ਹੈਂ ਸਰਬ ਸਮ੍ਰਥ, ਸਭ ਤੋਂ ਯੋਗ ਤੂੰਹੀਓਂ, ਨਾਲੇ ਸਭਨਾਂ ਦਾ ਖ਼ਾਲਕ ਦਾਤਾਰ ਮੇਰੇ।
ਸਭ ਦਾ ਨਾਸ਼ਕ ਵੀ ਏਂ, ਨਾਲੇ ਰਾਜ਼ਕ ਵੀ ਤੂੰ, ਨਾਲੇ ਸਭ ਦਾ ਹੀ ਖ਼ਾਲਕ ਦਾਤਾਰ ਮੇਰੇ।

**ਸਰਬ ਗੰਤਾ, ਸਰਬ ਹੰਤਾ, ਸਰਬ ਤੇ ਅਨਭੇਖ ॥
ਸਰਬ ਸ਼ਾਸਤ੍ਰ ਨਾ ਜਾਨਹੀ, ਜਿਹ ਰੂਪ ਰੰਗ ਅਰੁ ਰੇਖ ॥
ਪਰਮ ਬੇਦ ਪੁਰਾਨ ਜਾ ਕਹਿ, ਨੇਤ ਭਾਖਤ ਨਿੱਤ ॥
ਕੋਟਿ ਸਿੰਮ੍ਰਿਤ, ਪੁਰਾਨ ਸਾਸਤ੍ਰ, ਨ ਆਵਹੀ ਵਹੁ ਚਿਤਿ ॥੮੬॥**

**ਸ਼ਬਦਾਰਥ :–**ਸਰਬ ਗੰਤਾ=ਹਰ ਥਾਂ ਪਹੁੰਚ ਰਖਣ ਵਾਲਾ। ਸਰਬ ਹੰਤਾ=ਸਭ ਨੂੰ ਮਾਰ ਦੇਣ ਵਾਲਾ। ਸਰਬ ਤੇ=ਸਭ ਤੋਂ। ਅਨ ਭੇਖ=ਵਖਰੇ ਭੇਖ ਵਾਲਾ, ਨਿਰਾਲਾ। ਨਾ ਜਾਨਹੀ=ਨਹੀਂ ਜਾਣਦੇ। ਜਿਹ=ਜਿਸ ਦਾ। ਪਰਮ=ਪਰਮ ਪੁਰਖ ਨੂੰ। ਜਾ ਕਹਿ=ਜਿਸ ਨੂੰ। ਨੇਤਿ=ਜਿਸ ਜਿਹਾ ਹੋਰ ਕੋਈ ਨ ਹੋਵੇ।



www.AKJ.Org

# ਗੁਰਸਿਖਾਕੈਮਨਿਭਾਵਦੀਗੁਰਸਤਿਗੁਰਕੀਵਡਿਆਈ॥

[ ਵਲੋਂ– ਸੁਕਐਡਰਨ ਲੀਡਰ ਭਾਈ ਸਾਹਿਬ ਰਾਮ ਸਿੰਘ ਜੀ, ਅੰਮ੍ਰਿਤਸਰ ।]

ਗੁਰੂ ਨਾਨਕ ਸਾਹਿਬ ਦਾ ਜੀਵਨ, ਸੰਸਾਰ ਦੇ ਸਾਹਮਣੇ, ਦੋ ਮੋਟੇ ਪਹਿਲੂ ਪੇਸ਼ ਕਰਦਾ ਹੈ । ਇਕ ਪਹਿਲੂ ਤਾਂ ਉਹ ਹੈ ਜਿਹੜਾ ਭਾਈ ਲਹਿਣਾ ਜੀ ਦੇ ਰਾਹੀਂ ਜਗਤ ਦੇ ਸਾਹਮਣ ਆਇਆ ਹੈ ਅਤੇ ਦੂਜਾ ਉਹ ਜੋ ਗੁਰੂ ਨਾਨਕ ਸਾਹਿਬ ਦੇ ਸਾਹਿਬਜ਼ਾਦਿਆਂ ਰਾਹੀਂ ਜਗਤ ਨੇ ਤੱਕਿਆ ਹੈ ।

ਜਦ ਭੀ ਗੁਰੂ ਜੀ ਸਾਹਿਬਜ਼ਾਦਿਆਂ ਨੂੰ (ਸਿਖੀ ਪਰਖਣ ਲਈ) ਕੋਈ ਕੰਮ ਕਰਨ ਦਾ ਹੁਕਮ ਦੇਂਦੇ ਤਾਂ ਸਾਹਿਬਜ਼ਾਦੇ ਆਪਣੀ ਅਕਲ ਦੀ ਮਦਦ ਨਾਲ, ਗੁਰੂ ਜੀ ਦੀ ਦੱਸੀ ਬਿਧੀ ਨਾਲੋਂ ਵੱਖਰੀ ਬਿਧੀ ਨਾਲ (ਜੋ ਦੁਨੀਆਵੀ ਕੋਨ ਤੋਂ ਸੁਖੱਲੀ ਅਤੇ ਠੀਕ ਮਹਿਸੂਸ ਹੋਂਦੀ ਹੋਵੇ) ਕਰਨ ਦਾ ਅੱਗੋਂ ਸੁਝਾਅ ਦੇ ਦੇਂਦੇ । ਬੱਚਿਆਂ ਵੱਲੋਂ ਆਪਣੇ ਹੁਕਮ ਦੀ ਟੀਕਾ ਟਿਪਣੀ ਸੁਣ ਕੇ ਗੁਰੂ ਜੀ ਓਹੋ ਹੁਕਮ ਭਾਈ ਲਹਿਣਾ ਜੀ ਨੂੰ ਇੱਨ ਬਿੱਨ ਸ਼ਬਦਾਂ ਵਿਚ ਦੁਹਰਾਉਂਦੇ (repeat ਕਰਦੇ) । ਭਾਈ ਲਹਿਣਾ ਜੀ ਹੁਕਮ ਦਾ ਇਸ਼ਾਰਾ ਹੋਂਦਿਆਂ ਸਾਰ ਹੀ ਤੁਰਤ ਫੁਰਤ ਅੱਖ ਦੇ ਫੁਰੱਕੇ ਵਿਚ ਸਤਿਗੁਰਾਂ ਦੇ ਹੁਕਮ ਦੀ ਤਾਮੀਲ ਸ਼ੁਰੂ ਕਰ ਦੇਂਦੇ । ਇਸ ਪ੍ਰਕਾਰ ਹੁਕਮ ਮੰਨ ਕੇ ਸਤਿਗੁਰਾਂ ਦੀ ਖ਼ੁਸ਼ੀ ਪ੍ਰਾਪਤ ਕਰਦੇ । ਕਿਉਂਕਿ ਭਾਈ ਲਹਿਲਾ ਜੀ ਨੂੰ [1] "ਹੁਕਮਿਮੰਨਿਐਹੋਵੈਪਰਵਾਣੁ" ਦੀ ਸਮਝ ਆ ਚੁਕੀ ਸੀ, ਏਨ੍ਹਾਂ ਨੇ ਸਤਿਗੁਰਾਂ ਦੇ ਹੁਕਮ ਦੀ ਕਦੇ ਭੀ ਫੋਲਾ ਫਾਲੀ ਨਹੀਂ ਸੀ ਕੀਤੀ, ਕੇਵਲ ਹੁਕਮ ਮੰਨਣ ਨਾਲ ਹੀ ਸਬੰਧ ਰਖਿਆ ਸੀ । ਸਤਿਗੁਰ ਦੀ ਵਡਿਆਈ ਇਸ ਬਾਤ ਵਿਚ ਹੀ ਹੈ ਕਿ ਸਤਿਗੁਰਾਂ ਦੀ ਮਨਸ਼ਾ ਅਗੇ ਗੁਰਸਿਖ ਦਾ ਸੀਸ ਨਿਵ ਜਾਏ, ਅਤੇ ਗਦ ਗਦ ਹੋ ਕੇ ਨਿਵੇਂ, ਸ਼ੁਕਰਾਨੇ ਵਿਚ ਨਿਵੇਂ, ਆਪੇ ਤੋਂ ਬਾਹਰ ਹੋ ਕੇ ਖ਼ੁਸ਼ੀ ਵਿਚ ਨਿਵੇਂ ।

ਤੀਸਰੇ ਜਾਮੇ ਵਿਚ ਗੁਰੂ ਨਾਨਕ ਸਾਹਿਬ ਜਦ ਸਿਖਾਂ ਪ੍ਰਤੀ, ਆਪਣੇ ਬੈਠਣ ਲਈ ਚੰਗਾ ਜਿਹਾ ਥੜ੍ਹਾ ਬਣਾਉਣ ਨੂੰ ਕਹਿੰਦੇ ਹਨ ਤਾਂ ਬਹੁਤ ਸਾਰੇ ਸਿਖ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਹਾਸਲ ਕਰਨ ਲਈ ਚੰਗੇ ਚੰਗੇ ਥੜ੍ਹੇ ਬਣਾਉਣ ਵਿਚ ਜੁੱਟ ਪੈਂਦੇ ਹਨ । ਜਦ ਗੁਰੂ ਜੀ ਨੂੰ ਥੜ੍ਹੇ ਬਣ ਜਾਣ ਦੀ ਖ਼ਬਰ ਮਿਲਦੀ ਹੈ ਤਾਂ ਗੁਰੂ ਜੀ ਥੜ੍ਹਿਆਂ ਨੂੰ ਦੇਖ ਕੇ ਸਾਰੇ ਦੇ ਸਾਰੇ ਥੜ੍ਹੇ ਨਾ-ਮਨਜ਼ੂਰ ਕਰ ਜਾਂਦੇ ਹਨ । ਉਨ੍ਹਾਂ ਨੂੰ ਢਾਹ ਕੇ ਨਵੇਂ ਸਿਰਿਓਂ ਓਨ੍ਹਾਂ ਦੀ ਜਗ੍ਹਾ, ਓਨ੍ਹਾਂ ਤੋਂ ਚੰਗਾ ਥੜ੍ਹਾ

੧ ਆਸਾ ਦੀ ਵਾਰ ਪਉੜੀ ੧੫ ਪੰਨਾ ੪੭੧

[ ੨੦ ਸਫ਼ੇ ਦੀ ਬਾਕੀ ]

ਭਾਖਤ=ਆਖਦੇ ਹਨ । ਨਿਤ=ਰੋਜ਼ ਹੀ । ਨ ਆਵਈ ਵਹੁ ਚਿਤ=ਉਸ ਦੀ ਸਮਝ ਨਹੀਂ ਆਉਂਦੀ ।

**ਭਾਵਾਰਥ** :–ਹਰ ਥਾਵੇਂ ਵਿਆਪਕ, ਸਭ ਦਾ ਨਾਸਕ ਅਤੇ ਸਭ ਤੋਂ ਵਖਰਾ, ਜਿਸ ਦਾ ਰੂਪ, ਰੰਗ ਅਥਵਾ ਰੇਖ ਆਦਿ ਕੋਈ ਸ਼ਾਸਤਰ ਨਹੀਂ ਜਾਣਦਾ । ਜਿਸ ਪਰਮ ਪੁਰਖ ਨੂੰ ਵੇਦ ਤੇ ਪੁਰਾਣ ਨਿਤ ਆਖ ਰਹੇ ਹਨ ਕਿ ਇਸ ਜਿਹਾ ਹੋਰ ਕੋਈ ਨਹੀਂ ਹੈ । ਤੂੰ ਕਰੋੜਾਂ, ਸਿਮ੍ਰਿਤੀਆਂ ਤੇ ਪੁਰਾਣਾਂ ,ਸ਼ਾਸਤਰਾਂ ਦੀ ਸਮਝ ਤੋਂ ਬਾਹਰ ਹੈਂ ।

**ਕਾਵਿ ਭਾਵਾਰਥ:–**

ਤੇਰੀ ਪਹੁੰਚ ਹਰ ਜੀਵ ਹਰ ਥਾਂ ਤਕ ਹੈ, ਸਭ ਦਾ ਘਾਤਕ ਵੀ ਤੂੰਹੀਓਂ ਹੈਂ ਪ੍ਰਭੂ ਮੇਰੇ !
ਸਭ ਤੋਂ ਵਖ ਹੈ, ਭਿੰਨ ਅਸਚਰਜ ਤੇਰਾ, ਰੂਪ, ਭੇਖ ਅਕਾਰ ਹੈ ਪ੍ਰਭੂ ਮੇਰੇ !
ਵੇਦ ਸ਼ਾਸਤ੍ਰ ਅਤੇ ਪੁਰਾਣ ਸਾਰੇ, ਤੇਰੇ ਰੂਪ ਬਾਰੇ ਕੁਝ ਵੀ ਜਾਣਦੇ ਨਹੀਂ !
ਤੇਰੇ ਰੰਗ, ਸਰੂਪ, ਨਿਸ਼ਾਨ ਬਾਰੇ, ਪ੍ਰਭੂ, ਸਾਰੇ ਹੀ ਕੁਝ ਵੀ ਜਾਣਦੇ ਨਹੀਂ !
ਪਰਮ ਪੁਰਖ ਨੂੰ ਵੇਦ ਪਏ ਨਿਤ ਆਖਣ, ਤੇਰੇ ਜਿਹਾ ਬਸ ਕੇਵਲ ਹੈਂ ਤੂੰ ਪ੍ਰੀਤਮ !
ਸਭਨਾਂ ਸ਼ਾਸਤ੍ਰਾਂ, ਕ੍ਰੋੜਾਂ ਹੀ ਸਿਮ੍ਰਿਤੀਆਂ ਚੋਂ, ਲਗ ਸਕੇ ਨ ਤੇਰੀ ਕੁਝ ਸੂਹ ਪ੍ਰੀਤਮ !



www.AKJ.Org

ਬਣਾਉਣ ਦਾ ਹੁਕਮ ਦੇ ਜਾਂਦੇ ਹਨ । ਗੁਰਸਿਖ ਆਪਣੀ ਅਕਲ ਅਤੇ ਸਰੀਰਕ ਤਾਣ ਦੇ ਆਸਰੇ ਹੋਰ ਚੰਗੇ ਥੜ੍ਹੇ ਬਣਾਉਂਦੇ ਹਨ । ਗੁਰੂ ਜੀ ਫਿਰ ਇਹ ਸਾਰੇ ਥੜ੍ਹੇ ਰੱਦ ਕਰ ਜਾਂਦੇ ਹਨ ਅਤੇ ਇਨ੍ਹਾਂ ਨੂੰ ਢਾਹ ਕੇ ਨਵੇਂ ਥੜ੍ਹੇ ਬਣਾਉਣ ਲਈ ਕਹਿ ਜਾਂਦੇ ਹਨ । ਇਹ ਸਿਲਸਿਲਾ ਕਈ ਦਿਨ ਜਾਰੀ ਰਹਿੰਦਾ ਹੈ । ਜਦ ਬਹੁਤ ਸਾਰਿਆਂ ਸਿਆਣਿਆਂ ਅਤੇ ਚਾਤੁਰ ਸਿਖਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਤਾਂ ਕੋਈ ਭੀ ਥੜ੍ਹਾ ਪਸੰਦ ਨਹੀਂ ਆਉਂਦਾ, ਕਈ ਦਿਨ ਹੋ ਗਏ ਹਨ ਸਾਨੂੰ ਖਪ-ਦਿਆਂ ਨੂੰ, ਇਸ ਤੋਂ ਚੰਗਾ ਥੜ੍ਹਾ ਤਾਂ ਅਸੀਂ ਨਹੀਂ ਬਣਾ ਸਕਦੇ, ਤਦ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਥੜ੍ਹੇ ਬਣਾਉਣੇ ਛੱਡ ਦਿਤੇ । ਇਸ ਤਰ੍ਹਾਂ ਕਰਦਿਆਂ ਕਰਦਿਆਂ ਥੜ੍ਹੇ ਬਣਾਉਣ ਵਾਲਿਆਂ ਦੀ ਗਿਣਤੀ ਘਟਦੀ ਗਈ । ਉਹ ਭੀ ਦਿਨ ਆ ਗਿਆ ਕਿ ਕੇਵਲ ਰਾਮਦਾਸ ਜੀ ਹੀ ਥੜ੍ਹਾ ਬਣਾਉਣ ਵਾਲੇ ਰਹਿ ਗਏ । ਇਨ੍ਹਾਂ ਇਕੱਲਿਆਂ ਦਾ ਬਣਾਇਆ ਹੋਇਆ ਥੜ੍ਹਾ ਭੀ ਗੁਰੂ ਜੀ ਹਰ ਰੋਜ਼ ਨਾ-ਮਨਜ਼ੂਰ ਕਰ ਜਾਂਦੇ ਅਤੇ ਉਸ ਤੋਂ ਚੰਗਾ ਥੜ੍ਹਾ ਬਣਾਉਣ ਲਈ ਕਹਿ ਜਾਂਦੇ । ਦੂਸਰੇ ਸਿਖ ਭੀ ਰਾਮਦਾਸ ਜੀ ਨੂੰ ਟਿੱਚਰਾਂ ਕਰਨ ਲਗ ਪਏ ।

ਜਦ ਭੀ ਗੁਰੂ ਜੀ, ਰਾਮਦਾਸ ਜੀ ਦਾ ਬਣਾ-ਇਆ ਹੋਇਆ ਥੜ੍ਹਾ ਰੱਦ ਕਰਦੇ ਅਤੇ ਉਸ ਦੀ ਜਗ੍ਹਾ ਉਸ ਤੋਂ ਚੰਗਾ ਥੜ੍ਹਾ ਬਣਾਉਣ ਲਈ ਹੁਕਮ ਕਰਦੇ, ਰਾਮਦਾਸ ਜੀ ਹੱਥ ਜੋੜ ਕੇ ਖਲੋ ਜਾਂਦੇ ਅਤੇ ਕਹਿੰਦੇ, "ਸਤਿਗੁਰੂ ਜੀ, ਮੇਰੇ ਵਿਚ ਅਕਲ ਨਹੀਂ ਹੈ, ਇਹ ਥੜ੍ਹਾ ਵਾਕਈ ਚੰਗਾ ਨਹੀਂ ਹੈ । ਆਪ ਜੀ ਕਿਰਪਾ ਕਰਕੇ ਦਾਸ ਪਾਸੋਂ ਚੰਗਾ ਥੜ੍ਹਾ ਬਣਵਾਉ ।" ਇਸ ਦੇ ਨਾਲ ਹੀ ਰਾਮਦਾਸ ਜੀ ਦਾ ਚਾਅ ਅਤੇ ਖੁਸ਼ੀ ਦੂਣ ਸਵਾਏ ਹੋ ਜਾਂਦੇ ਕਿ ਸ਼ੁਕਰ ਹੈ ਸਤਿਗੁਰੂ ਜੀ ਨੇ ਦਾਸ ਨੂੰ ਆਪਣੀ ਕਾਰੇ ਲਾਈ ਰਖਿਆ ਹੈ ਅਤੇ ਹੋਰ ਥੜ੍ਹਾ ਬਣਾਉਣ ਦਾ ਹੁਕਮ ਦਿੱਤਾ ਹੈ । ਰਾਮਦਾਸ ਜੀ ਨੂੰ ਤਾਂ ਕੇਵਲ ਗੁਰੂ ਦੀ ਰਜ਼ਾ ਵਿਚ ਹੀ ਰਹਿਣ ਦਾ ਚਾਅ ਸੀ ਅਤੇ ਗੁਰੂ ਆਸ਼ੇ ਅਨੁਸਾਰ ਕੰਮ ਹੀ ਕਰੀ ਜਾਣ ਦਾ ਚਾਅ ਸੀ ।

ਜਦ ਗੁਰੂ ਨਾਨਕ-ਜੋਤਿ ਨੇ ਪਰਖ ਲਿਆ ਕਿ ਭਾਈ ਲਹਿਣਾ ਜੀ ਅਤੇ ਰਾਮਦਾਸ ਜੀ ਵਿਚ ਆਪਣੀ ਚਤੁਰਾਈ ਦਾ ਮੁਸ਼ਕ ਤੱਕ ਭੀ ਨਹੀਂ ਰਿਹਾ, ਕੇਵਲ ਗੁਰੂ ਦੇ ਹੁਕਮ ਨੂੰ ਮੰਨਣ ਦਾ ਅਤੇ ਗੁਰੂ ਦੀ ਰਜ਼ਾ ਵਿਚ ਹੀ ਰਹਿਣ ਦਾ ਚਾਅ ਹੈ ਤਾਂ ਗੁਰ-ਨਾਨਕ ਜੋਤਿ ਨੇ ਇਨ੍ਹਾਂ ਸੇਵਕਾਂ (ਸੰਤਾਂ) ਨੂੰ ਆਪਣੇ ਵਿਚ ਇਕ ਰੂਪ ਕਰਕੇ, ਗੁਰੂ ਨਾਨਕ ਦੀ ਗੱਦੀ ਉੱਤੇ ਸੁਸ਼ੋਭਤ ਕਰ ਦਿਤਾ ।

ਜੇ ਦਸਵੇਂ ਜਾਮੇ ਵਿਚ ਗੁਰੂ-ਨਾਨਕ-ਜੋਤਿ ਨੇ ਸੀਸ ਮੰਗੇ ਹਨ ਤਾਂ ਸੀਸ ਭੇਟ ਕਰਨ ਵਾਲਿਆਂ ਨੇ ਇਹ ਨਹੀਂ ਪੁਛਿਆ ਕਿ "ਤੁਸੀਂ ਸੀਸ ਕੀ ਕਰਨੇ ਹਨ ?" ਕੇਵਲ ਸੀਸ ਭੇਟ ਕਰਨ ਲਈ ਹੀ ਉਹ ਅੱਗੇ ਵਧੇ ਹਨ ਅਤੇ ਦੇ ਦਿਤੇ ਹਨ । ਐਸਾ ਹੁਕਮ ਦੇਣ ਦਾ ਪ੍ਰਯੋਜਨ ਗੁਰੂ ਜੀ ਆਪ ਜਾਨਣ । ਗੁਰਸਿਖ ਦਾ ਸਨਬਧ ਅਤੇ ਫ਼ਰਜ਼ ਕੇਵਲ ਗੁਰ ਦੇ ਹੁਕਮ ਨੂੰ ਮੰਨਣ ਦਾ ਹੀ ਹੈ । ਗੁਰ-ਸਿਖ ਗੁਰ-ਹੁਕਮਾਂ ਦੀ ਫੋਲਾ ਫਾਲੀ ਨਹੀਂ ਕਰਦਾ । ਗੁਰ-ਹੁਕਮਾਂ ਦੀ ਫੋਲਾ ਫਾਲੀ ਕਰਨ ਨਾਲ ਗੁਰੂ ਉੱਤੇ ਸ਼ਰਧਾ ਥਿੜਕਦੀ ਹੈ । ਸ਼ਰਧਾ ਥਿੜਕੀ ਤਾਂ ਸਭ ਕੁਝ ਗਿਆ । ਫਿਰ ਗੁਰੂ ਪਾਸੋਂ ਮਿਲਣਾ ਕੀ ਹੈ ? ਪੂਰੇ ਗੁਰੂ ਉੱਤੇ ਸ਼ਰਧਾ ਬਣੀ ਰਹਿਣ ਦੇ ਕਾਰਨ ਹੀ "ਖਾਲਸਾ ਮੇਰਾ ਸਤਿਗੁਰ ਪੂਰਾ" ਵਾਲਾ ਸ੍ਰੀ ਮੁਖਵਾਕ ਸੰਸਾਰ ਦੇ ਕੰਨੀਂ ਪਿਆ ਸੀ ।

ਪਰ ਅਫ਼ਸੋਸ, ਕਿ ਕੁਝਕੁ ਸਮੇਂ ਤੋਂ ਆਪਣੀ ਚਤੁਰਾਈ ਅਤੇ ਆਪਣੀ ਵਡਿਆਈ ਦੀ ਭੁੱਖ ਦੇ ਕਾਰਨ, ਪੂਰੇ ਗੁਰੂ ਉਤੇ ਸਾਡੀ ਸ਼ਰਧਾ ਥਿੜਕ ਗਈ ਹੈ । ਸਾਨੂੰ ਗੁਰੂ ਸਰੂਪ ਵਿਚ ਘਾਟ ਨਜ਼ਰ ਆਈ ਹੈ । ਇਸ ਘਾਟ ਨੂੰ ਅਸੀਂ ਆਪਣੀ ਅਕਲ ਅਥਵਾ ਚਤੁਰਾਈ ਦੀ ਸਹਾਇਤਾ ਨਾਲ ਪੂਰਾ ਕਰਨ ਵਿਚ ਕਾਫ਼ੀ ਕਾਮਯਾਬ ਹੋ ਗਏ ਹਾਂ । ਉਹ ਕਿਵੇਂ ? ਅਸੀਂ ਚਾਤੁਰ ਸਿਖਾਂ ਨੇ ਸੋਚਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜੀਦਾਰ ਸਰੂਪ ਵਿਚ ਗੁਰਸਿਖੀ ਦਾ ਪਰਚਾਰ ਕਰਨ ਦੀ ਅਤੇ ਜ਼ਿਆਦਾ ਗਿਣਤੀ ਵਿਚ ਸੰਸਾਰੀਆਂ ਦੇ ਅੰਦਰ ਗੁਰਬਾਣੀ ਪੜ੍ਹਨ ਲਈ ਕਾਫ਼ੀ ਖਿਚ ਪੈਦਾ ਕਰਨ ਦੀ ਤਾਕਤ ਘੱਟ ਹੈ । ਇਸ ਧੁਰ-ਧੁਰੰਦਰੀ, ਰੱਬ-ਰਜ਼ਾਏ, ਗੁਰ-ਹੁਕਮਾਏ, ਪੂਰੇ ਗੁਰੂ ਦੇ ਭਾਣੇ



www.AKJ.Org

ਅੰਦਰ ਅਸਥਾਪਨ ਹੋਏ ਪਾਵਨ ਲੜੀਦਾਰ ਸਰੂਪ ਨੂੰ ਅਸਾਂ ਪਦ-ਛੇਦ ਦਾ ਭੇਖ ਦੇ ਕੇ ਆਮ ਸੰਸਾਰੀਆਂ ਦੇ ਮਨ ਵਿਚੋਂ, ਲੜੀਦਾਰ ਸਰੂਪ ਨੂੰ ਔਖਾ ਸਮਝ ਕੇ, ਇਸ ਦਾ ਸਤਿਕਾਰ ਅਤੇ ਇਸ ਦੀ ਲੋੜ ਹੀ ਖ਼ਤਮ ਕਰ ਦਿੱਤੀ ਹੈ। ਇਸ ਤਰ੍ਹਾਂ ਨਾਲ ਸਿਖੀ ਸੌਖੀ ਕਰ ਦਿਤੀ ਹੈ। ਇਤਨੀ ਸੌਖੀ ਕਰ ਦਿਤੀ ਹੈ ਕਿ ਇਸ ਦਾ ਪ੍ਰਚਾਰ ਭੀ ਆਚਾਰ-ਹੀਣਾਂ, ਨੜੀਮਾਰਾਂ, ਸਿਰਗੁੰਮਾਂ ਦੇ ਹੱਥ ਵਿਚ ਦੇ ਕੇ ਅਸੀਂ ਅਟੇਕ ਹੋ ਗਏ ਹਾਂ। ਇਹ ਲੋਗ ਝੂਠੀਆਂ ਦਾੜ੍ਹੀਆਂ ਮੁੱਛਾਂ ਲਗਾ ਕੇ, ਬਣਾਉਟੀ ਕਕਾਰਾਂ ਦੇ (ਘੜੀ ਦੀ ਘੜੀ) ਧਾਰਨੀ ਹੋ ਕੇ—'ਰੋਣ ਰੋਵੇ ਯਾਰਾਂ ਦੇ ਨਾਮ ਲੈ ਲੈ ਭਰਾਵਾਂ ਦੇ' ਵਾਲੀ ਸਿਖ ਪੰਥ ਦੀ ਸੇਵਾ ਕਰਦੇ ਹਨ। ਐਸੇ ਪਾਜੀ ਪ੍ਰਚਾਰ ਤੋਂ ਮੁਅੱਸਰ ਹੋ ਕੇ, ਗੁਰਮਤਿ-ਹੀਣ ਸਿਖ ਜਨਤਾ ਪਾਸੋਂ ਗੁਰਦੁਵਾਰੇ ਛੁੱਟ ਗਏ ਹਨ ਅਤੇ ਗੁਰਦੁਆਰਿਆਂ ਦੀ ਥਾਂ ਮੰਡੂਆਂ ਮੂਹਰੇ ਭੀੜਾਂ ਵਧ ਗਈਆਂ ਹਨ।

ਪੂਰਾ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਹਰ ਪਹਿਲੂ ਤੋਂ ਪੂਰਾ ਹੈ, ਸਰਬ ਸ਼ਕਤੀਆਂ ਵਿਚ ਪੂਰਾ ਹੈ, ਉਪਦੇਸ਼ ਵਿਚ ਪੂਰਾ ਹੈ, ਅਤੇ ਦਰਸ਼ਨ ਦਾ ਭੀ ਪੂਰਾ ਹੈ। ਪੂਰੇ ਗੁਰੂ ਵਿਚ ਕੋਈ ਊਣਤਾਈ ਨਹੀਂ ਹੈ। ਪੂਰੇ ਗੁਰੂ ਦੀ ਸੁਧਾਈ ਹੋਣ ਦੀ (modification or amendment) ਦੀ ਗੁੰਜਾਇਸ਼ ਨਹੀਂ ਹੈ। ਪੂਰੇ ਗੁਰੂ ਨਾਨਕ ਸਾਹਿਬ ਦੀ ਜੋਤਿ ਦਸਾਂ ਜਾਮਿਆਂ ਵਿਚ ਵਿਚਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਸਸ਼ੋਭਤ ਹੈ। ਗੁਰੂ ਨਾਨਕ ਸਾਹਿਬ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲੋਂ ਸਿਖਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਚਰਨੀ ਲਗਾਉਂਦਿਆਂ ਹੋਇਆਂ ਕਿਹਾ, "ਕਿ ਹੁਣ ਤਾਂ **ਗੁਰੂ**, ਅੰਗਦ ਦੇਵ ਜੀ ਨੂੰ ਮੰਨੀਓ"। ਗੁਰੂ ਅੰਗਦ ਦੇਵ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲੋਂ ਓਹੋ ਹੁਕਮ ਸਿਖਾਂ ਪ੍ਰਤੀ ਫਿਰ ਦੁਹਰਾਇਆ ਅਤੇ ਕਿਹਾ ਕਿ, ਹੁਣ ਤੋਂ "**ਗੁਰੂ**, ਅਮਰਦਾਸ ਜੀ ਨੂੰ ਮਾਨੀਓ"। ਇਹ ਸਿਲਸਿਲਾ, ਸਿਖਾਂ ਨੂੰ ਅਗਲੇ ਜਾਮੇ ਦੇ ਲੜ ਲਾਉਣ ਦਾ ਦਸਵੇਂ ਜਾਮੇ ਤਕ ਜਾਰੀ ਰਿਹਾ।

ਕਲਗੀਆਂ ਵਾਲੇ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲੋਂ ਸਿਖਾਂ ਪ੍ਰਤੀ ਹੁਕਮ ਦਿਤਾ, "**ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ**"। ਇਹ ਕਹਿ ਕੇ ਆਪ ਕਲਗੀਧਰ ਜੀ ਨੇ ਲੜੀਦਾਰ ਦਰਸ਼ਨ ਬਖਸ਼ਣਹਾਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਪਰ ਅਸਾਂ ਇਸ ਪਾਵਨ ਸਰੂਪ ਨੂੰ ਪਦ-ਛੇਦ ਕਰ ਕੇ ਚਾਤੁਰੀ ਵਰਤ ਲਈ ਹੈ ਤਾਂ ਜੁ ਪਾਠ ਛੇਤੀ ਅਤੇ ਸੌਖਾ ਹੋ ਸਕੇ। ਪਦ-ਛੇਦ ਪਾਠ ਅਤੇ ਕੂਕਿਆਂ ਵਾਲੇ ਪੱਤਰਾ-ਪਾਠ ਦਾ ਇਕੋ ਹੀ ਮੰਤਵ ਹੈ—ਸੌਖਾ ਅਤੇ ਛੇਤੀ ਪਾਠ। ਇਹ ਦੋਨੋਂ ਕੁ-ਕਦਮ ਮਨਮਤਿ ਭਰੇ ਅਤੇ ਚਤੁਰਾਈ ਸੜੇ ਨਿੰਦਣ ਯੋਗ ਹਨ। ਕੂਕਿਆਂ ਨੇ ਗੁਰੂ ਬਾਣੀ ਦਾ ਪੱਤਰਾ ਪੱਤਰਾ ਕਰਨ ਦਾ ਇਰਾਦਾ ਕੀਤਾ ਸੀ। ਪਰ ਪੰਥ ਅਤੇ ਸਿਖ ਜਗਤ ਨੇ ਇਸ ਨੂੰ ਸਤਿਗੁਰਾਂ ਦੀ ਘੋਰ ਬੇ-ਅਦਬੀ ਸਮਝ ਕੇ ਹਾਹਾ ਕਾਰ ਮਚਾ ਦਿੱਤੀ। ਗੁਰੂ ਦੇ ਪੱਤਰੇ ਛੇਦ ਹੋਂਦੇ ਸੁਣ ਕੇ ਤਾਂ ਸਾਨੂੰ ਬਹੁਤ ਦੁਖ ਹੋਇਆ ਅਤੇ ਅਸੀਂ ਇਸ ਨੂੰ ਰੋਕਣ ਵਾਸਤੇ ਰੋਲਾ ਪਾ ਦਿਤਾ। ਪਰ ਗੁਰੂ ਦੇ ਪਦ-ਛੇਦ ਹੋਂਦੇ ਦੇਖ ਕੇ ਤਾਂ ਸਾਡੇ ਕੰਨ ਉੱਤੇ ਜੂੰ ਤਕ ਨਹੀਂ ਸਰਕੀ। ਸਿਖੀ ਨੂੰ ਢਹਿੰਦੀ ਕਲਾ ਵਿਚ ਲੈ ਜਾਣ ਲਈ ਗੁਰੂ ਦੇ ਪੱਤਰੇ ਛੇਦ ਕਰਨਾ ਜਾਂ ਪਦ-ਛੇਦ ਕਰਨਾ ਇਕ ਹੀ ਬਾਤ ਹੈ। [2]"**ਮੋਤਉਮੋਲਿਮਹਿਗੀਲਈਜੀਅ ਸਟੈ**" ਗੱਲ ਤਾਂ ਨਾਂਹ ਨਾ ਰਹੀ। ਇਹ ਤਾਂ ਮੋਲ-ਲਈ-ਸਸਤੀ ਵਾਲੀ ਗੱਲ ਹੋ ਗਈ। ਇਕ ਮੂਰਖਤਾਈ ਮਾੜੀ ਕਿਉਂ ਅਤੇ ਦੂਜੀ ਮੂਰਖਤਾਈ ਚੰਗੀ ਕਿਉਂ? ਦੋਨਾਂ ਹਾਲਤਾਂ ਵਿਚ ਹੀ ਗੁਰਬਾਣੀ ਦੀ ਬੇ-ਕਦਰੀ ਹੈ ਤੇ ਗੁਰੂ ਦੀ ਬੇ-ਅਦਬੀ ਹੈ।

ਜੇ ਅਜ ਅਸੀਂ ਆਪਣੇ ਗੁਰੂ ਦਾ ਲੜੀਦਾਰ ਸਰੂਪ ਬਦਲ ਕੇ, ਪਦ-ਛੇਦ ਸਰੂਪ ਕਰਨ ਦਾ ਹੀਆ ਕਰ ਸਕਦੇ ਹਾਂ, ਤਾਂ ਏਸੇ ਗੁਰੂ ਦੇ ਸਾਜੇ ਨਿਵਾਜੇ ਪੰਜ ਕਕਾਰੀ, ਦਸਮ ਦੀਦਾਰੀ, ਖਾਲਸਾ-ਮੇਰੋ-ਰੂਪ-ਹੈ-ਖਾਸ ਨਿਰਧਾਰੀ, ਗੁਰ ਬਖਸ਼ੇ ਨੂਰੀ ਖਾਲਸਈ ਦਰਸ਼ਨਾਂ ਦੀ ਕਾਂਟ ਛਾਂਟ ਕਰ ਕੇ ਖ਼ਾਲਸੇ ਦੇ ਰੂਪ ਦਾ ਭੀ ਹੌਲੀ ਹੌਲੀ ਵਟਾਂਦਰਾ ਕਰ ਦਿਆਂਗੇ। ਇਹ ਪਤਾ ਨਹੀਂ ਕਿ ਫਿਰ ਅਸੀਂ ਕਿਸ ਦਾ ਖ਼ਾਸ ਰੂਪ ਬਣ ਜਾਵਾਂਗੇ। ਜੇ ਸਦੀਵੀ ਰਹਿਣ ਵਾਲੇ ਖਾਲਸਾ ਜੀ ਦਾ ਰੂਪ ਕਲਗੀਧਰ ਜੀ ਨੇ ਖਾਸ ਕਿਹਾ ਹੈ ਤਾਂ

੨. ਧਨਾਸਰੀ ਰਵਿਦਾਸ ਜੀ, ਪੰਨਾ ੬੯੪।

www.AKJ.Org

ਪੱਥਰ ਉਤੇ ਲਕੀਰ ਜਾਣੋ ਕਿ ਗੁਰੂ ਦਾ ਰੂਪ ਭੀ ਖਾਸ ਹੀ ਹੈ। ਅਤੇ ਉਹ ਖਾਸ ਰੂਪ ਕੇਵਲ ਲੜੀਦਾਰ ਰੂਪ ਹੈ—ਨਾ ਪੱਤਰਾ-ਛੇਦ ਰੂਪ ਹੈ, ਨਾ ਪਦ-ਛੇਦ ਰੂਪ ਹੈ।

ਰੱਬ ਨੇ ਆਪ, ਗੁਰੂ ਨਾਨਕ ਸਾਹਿਬ ਦੇ ਪੰਜਵੇਂ ਜਾਮੇ ਦੇ ਰੂਪ ਵਿਚ ਵਿਚਰ ਕੇ ਲੜੀਦਾਰ ਸਰੂਪ ਰਚਿਆ, ਸਵਾਰਿਆ ਅਤੇ ਦਸਵੇਂ ਜਾਮੇ ਵਿਚ ਇਸ ਨੂੰ ਪੂਰਾ ਕਰਕੇ, ਮੱਥਾ ਟੇਕ ਕੇ ਗੁਰੂ ਨਾਨਕ ਸਾਹਿਬ ਦੀ ਗੱਦੀ ਬਖ਼ਸ਼ੀ। ਲੜੀਦਾਰ ਸਰੂਪ ਰੱਬ-ਘੜਤ ਸਰੂਪ ਹੈ। ਪਦ-ਛੇਦ ਸਰੂਪ ਮਨ-ਘੜਤ ਸਰੂਪ ਹੈ। "[3]**ਪੂਰੇਕਾਕੀਆਸਭਕਿਛੁਪੂਰਾਘਟਿ ਵਧਿਕਿਛੁਨ ਹੀ**" ਦੇ ਗੁਰਵਾਕ ਉਤੇ ਸਾਨੂੰ ਪੂਰਾ ਭਰੋਸਾ ਚਾਹੀਏ। ਅਸੀਂ ਭੁੱਲੜ, ਦਿੱਲੜ, ਮਾਇਆ-ਧਾਰੀ, ਅਰਾਮ-ਪਸੰਦ ਲੜੀਦਾਰ ਸਰੂਪ ਦੀ ਮਹਿਮਾ ਕੀ ਜਾਣੀਏ? ਅਸੀਂ ਭੁੱਲਣਹਾਰ ਜ਼ਰੂਰ ਹਾਂ, ਪਰ ਗੁਰੂ ਨਾਨਕ ਸਾਹਿਬ ਤਾਂ ਭੁਲਣਹਾਰ ਨਹੀਂ ਹਨ। ਤਾਂ ਫਿਰ ਅਸੀਂ ਗੁਰੂ ਨਾਨਕ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਰੂਪ ਵਿਚ ਅਦਲਾ-ਬਦਲੀ ਕਿਉਂ ਕਰੀਏ? [4]"**ਆਪਿਕਰੇਕਿਸੁਆਖੈਕੋਈ॥ਆਖਣਿ ਜਾਈਐਜੇਭੂਲਾਹੋਈ**"॥ ਅਭੂਲੇ ਗੁਰੂ ਨੇ ਜਾਣ ਮਿਥ ਕੇ, ਸਮਝ ਸੋਚ ਕੇ ਰੱਬੀ ਰਜ਼ਾ ਅੰਦਰ ਲੜੀਦਾਰ ਸਰੂਪ ਰਚਿਆ ਹੈ ਅਤੇ ਸੰਸਾਰੀਆਂ ਨੂੰ ਇਸ ਲੜੀਦਾਰ ਸਰੂਪ ਦੇ ਚਰਨੀਂ ਲਾਇਆ ਹੈ, ਪਰ ਗੁਰਬਾਣੀ ਵੇਚ ਕੇ ਖਾਣ ਵਾਲਿਆਂ ਭੁੱਲੜਾਂ ਨੇ ਗੁਰੂ ਦਾ ਰੱਬ-ਰਜ਼ਾਇਆ ਸਰੂਪ ਵਿਗਾੜ ਕੇ ਇਸ ਨੂੰ ਪਦ-ਛੇਦ ਦਾ ਜਾਮਾ ਚਾੜ੍ਹ ਕੇ ਸਿਖੀ ਨੂੰ ਸਸਤਾ ਅਤੇ ਬੇ-ਕਦਰਾ ਕੀਤਾ ਹੈ। ਇਸ ਪ੍ਰਕਾਰ ਪੂਰੇ ਗੁਰੂ ਨੂੰ ਮਨਮੱਤ ਦਾ ਜਾਮਾ ਪਹਿਰਾ ਦਿਤਾ ਹੈ। ਲੜੀਦਾਰ ਸਰੂਪ ਦੀ ਸੇਵਾ-ਸੰਭਾਲ ਹੀ ਪੂਰੀ ਗੁਰੂ ਦੀ ਵਡਿਆਈ ਹੈ। [5]"**ਗੁਰਸਿਖਾਵਡਿਆਈਭਾਵੈ ਗੁਰਪੂਰੇਕੀਮਨਮੁਖਾਓਹਵੇਲਾਹਥਿਨਆਇਆ**"। ਮਨਮੁਖਾਂ ਨੂੰ ਤਾਂ, ਚਤੁਰਾਈ ਦੇ ਅਧੀਨ ਸਾਜਿਆ ਹੋਇਆ ਪਦ-ਛੇਦ ਸਰੂਪ ਹੀ ਚੰਗਾ ਅਤੇ ਸੌਖਾ ਲਗਦਾ ਹੈ। ਲੜੀਦਾਰ ਸਰੂਪ ਨੂੰ ਅਉਖਾ ਜਾਣ ਕੇ ਇਸ ਤੋਂ ਨੱਕ ਮੂੰਹ ਵਟਦੇ ਹਨ। ਕੈਸੇ ਮਾੜੇ ਭਾਗ ਹਨ!

ਪਦ-ਛੇਦਤਾ, ਚਤੁਰਾਈ ਦੀ ਕਾਢ ਹੈ। ਅਤੇ ਚਤੁਰਾਈ ਮਨਮੁਖਾਂ ਦੀਆਂ ਕਈ ਨਿਸ਼ਾਨੀਆਂ ਵਿੱਚੋਂ ਸਿਰ-ਕਢਵੀਂ ਨਿਸ਼ਾਨੀ ਹੈ। ਯਥਾ:— [6]"**ਇਹੁਜਗੋ ਦੁਤਰੁਮਨਮੁਖੁਪਾਰਿਨਪਾਈਰਾਮ**॥" (ਕਿਉਂ?) [7]"**ਅੰਤਰੇਹਉਮੈਮਮਤਾਕਾਮੁਕ੍ਰੋਧੁਚਤੁਰਾਈਰਾਮ**"। ਪਦ-ਛੇਦੀ ਚਾਤੁਰਾਂ ਦਾ ਦੇਖੋ ਕੀ ਹਾਲ ਹੁੰਦਾ ਹੈ। [8]"**ਅੰਤਰਿਚਤੁਰਾਈਥਾਇਨਪਾਈਬਿਰਥਾਜਨਮੁ ਗਵਾਇਆ॥ਜਮਮਗਿਦੁਖੁਪਾਵੈਚੋਟਾਖਾਵੈਅੰਤਿ ਗਇਆਪਛੁਤਾਇਆ**"। ਏਨ੍ਹਾਂ ਚਾਤੁਰਾਂ ਨੇ ਸ੍ਰੀ ਗੁਰੂ ਸਾਹਿਬ ਜੀ ਦੇ ਪਾਵਨ ਤੇ ਇਲਾਹੀ ਲੜੀਦਾਰ ਸਰੂਪ ਦੀ ਪਦ-ਛੇਦਤਾ ਵਿਚ ਤਰਮੀਮ ਕਰ ਦਿਤੀ ਹੈ। ਇਸ ਤਰਮੀਮ ਨਾਲ ਇਨ੍ਹਾਂ ਨੇ ਆਪਣੇ ਖ਼ਿਆਲ ਵਿਚ ਅਉਖੇ ਗੁਰੂ ਨੂੰ ਪਬਲਿਕ ਵਾਸਤੇ ਸੌਖਾ ਕਰ ਦਿਤਾ ਹੈ।

ਤਰਮੀਮ ਉਸ ਚੀਜ਼ ਦੀ ਹੋਇਆ ਕਰਦੀ ਹੈ ਜਿਸ ਦੀ ਪਹਿਲੀ ਬਣਤਰ ਵਿਚ ਕੋਈ ਅਧੂਰਾ-ਪਨ ਜਾਂ ਕੋਈ ਘਾਟਿ ਰਹਿ ਗਈ ਹੋਵੇ। ਐਸੀ ਘਾਟਿ ਨੂੰ ਤਰਮੀਮ ਦੇ ਰਾਹੀਂ ਪੂਰਾ ਕੀਤਾ ਜਾਂਦਾ ਹੈ। ਇਕ ਪਾਸੇ ਤਾਂ ਅਸੀਂ ਕਹੀਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਦੇ ਮਾਲਕ ਪੂਰਨ ਗੁਰ ਜੋਤਿ ਹਨ, ਸ਼ਬਦ ਅਵਤਾਰ ਹਨ ਅਤੇ ਪਰਗਟ ਗੁਰਾਂ ਕੀ ਦੇਹ ਹਨ। ਅਤੇ ਦੂਜੇ ਪਾਸੇ ਇਸ ਪਰਗਟ ਗੁਰਾਂ ਕੀ ਦੇਹ ਨੂੰ, ਪਦ-ਛੇਦ ਦੁਆਰਾ ਤਰਮੀਮ (Modification) ਦਾ ਮੁਹਤਾਜ ਬਣਾ ਦੇਈਏ। ਇਹ ਤਾ ਫਿਰ ਹਾਸੋ-ਹੀਣੀ ਬਾਤ ਹੀ ਹੋਈ। ਨਾਲੇ ਪੂਰਾ ਅਤੇ ਨਾਲ ਅਧੂਰਾ। ਅਫ਼ਸੋਸ, ਸਦ ਅਫ਼ਸੋਸ ਪਦ-ਛੇਦੀਆਂ ਦੀ ਮੱਤ ਉੱਤੇ। ਇਸ ਤੋਂ ਭੀ ਜ਼ਿਆਦਾ ਅਫ਼ਸੋਸ ਉਸ ਪਬਲਿਕ ਉੱਤੇ, ਜਿਸ

੩. ਸਲੋਕ ਮ: ੧, ਪੰਨਾ ੧੪੧੨
੪. ਮਾਝ ਮ: ੩, ਪੰਨਾ ੧੧੪
੫. ਗਉੜੀ ਕੀ ਵਾਰ, ਮ: ੪, ਪੰਨਾ ੩੦੪

੬. ਸੂਹੀ ਛੰਤ ਮ: ੪, ਪੰਨਾ ੭੭੫
੭. " " "
੮. " " "



www.AKJ.Org

ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਨਕ-ਅਸਥਾਪੇ ਲੜੀਦਾਰ ਸਰੂਪ ਨੂੰ ਅਉਖਾ ਜਾਣ ਕੇ, ਜਲ ਪ੍ਰਵਾਹ ਦੁਆਰਾ ਜਾਂ ਸਸਕਾਰ ਦੁਆਰਾ ਜਾਂ ਅਲਮਾਰੀਆਂ ਵਿਚ ਪੱਕੇ ਤੌਰ ਤੇ ਬੰਦ ਕਰ ਕੇ, ਅੱਖੋਂ ਪਰੋਖਾ ਕਰ ਲਿਆ ਹੈ ।

ਪਾਰਬ੍ਰਹਮ ਜਦ ਤਰੁਠਦਾ ਹੈ ਤਾਂ ਆਪਣੇ ਸੇਵਕ (ਸਤ) ਨੂੰ ਸੰਵਾਰ ਕੇ ਆਪਣੇ ਜੈਸਾ ਹੀ ਬਣਾ ਲੈਂਦਾ ਹੈ। ਸੇਵਕ ਵਿਚ ਕੋਈ ਘਾਟ ਨਹੀਂ ਰਹਿਣ ਦੇਂਦਾ। ਯਥਾ: "[੯]**ਨਾਨਕਸੰਤਸਵਾਰੇਪਾਰਬ੍ਰਹਮਿਸਚੇ ਜਿਉਬਣਿਆ**"। ਏਸੇ ਪ੍ਰਕਾਰ ਹੀ ਪਾਰਬ੍ਰਹਮ ਨੇ ਜੁਗਾਂ ਜੁਗੰਤਰੀ ਸੰਤ (ਗੁਰੂ) ਦਾ ਸਰੂਪ ਰਸ-ਭਿੰਨਿਅੜੀ, ਅੰਮ੍ਰਿਤ ਸਿੰਚਿਅੜੀ ਲੜੀਦਾਰ ਰਚਨਾ ਵਿਚ ਸੰਵਾਰ ਧਰਿਆ ਹੈ। "[੧੦]**ਪਾਰਬ੍ਰਹਮਗੁਰਨਾਹੀ ਭੇਦ**"। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੜੀਦਾਰ ਬਾਣੀ ਰੱਬ ਦੀ ਭੇਜੀ ਆਈ ਬਾਣੀ ਹੈ। ਇਸ ਦੀ ਲੜੀਦਾਰ ਰਚਨਾ ਰੱਬ ਦਾ ਇਕ ਖ਼ਾਸ ਚੋਜ ਹੈ। ਪੂਰੇ ਪ੍ਰਭੂ ਨੇ ਇਸ ਬਾਣੀ ਦੀ ਚਾਲ, ਸ਼ਬਦਾਵਲੀ, ਰਾਗਾਵਲੀ ਅਤੇ ਬਿਸਰਾਮਾਵਲੀ ਆਪਣੀ ਮਰਜ਼ੀ ਅਨੁਸਾਰ ਜਿਵੇਂ ਭਾਈ ਹੈ, ਤਿਵੇਂ ਹੀ ਬਣਾਈ ਹੈ ਅਤੇ ਚਲਾਈ ਹੈ। ਇਸ ਧੁਰ ਕੀ ਬਾਣੀ ਦੀ ਚਾਲ ਨਿਰਾਲੀ ਹੈ। ਇਹ ਚਾਲ ਰੰਗ ਰਲੂਲੀ ਲੜੀਦਾਰ ਚਾਲ ਹੈ। ਲੜੀਦਾਰ ਸਰੂਪ ਰਚਨ ਦਾ ਪ੍ਰਯੋਜਨ ਸਤਿਗੁਰੂ ਆਪ ਜਾਣਨ। ਗੁਰਸਿਖਾਂ ਨੂੰ ਤਾਂ ਇਸ ਦੇ ਚਰਨੀਂ ਲਗੇ ਰਹਿਣ ਨਾਲ ਹੀ ਸਨਬੰਧ ਹੈ। ਇਹ ਲੜੀਦਾਰ ਦਰਸ਼ਨ ਭਾਗਾਂ ਵਾਲਿਆਂ ਨੂੰ ਹੀ ਹੋਂਦੇ ਰਹਿਣਗੇ। "[੧੧]**ਮੰਦਭਾਗੀਤੇਰੋ ਦਰਸਨੁਨਾਹਿ**"। ਮਨਮੁਖਾਂ ਨੇ ਤਾਂ ਆਪਣੀ ਮਰਜ਼ੀ ਦਾ ਸਰੂਪ ਘੜ ਹੀ ਲਿਆ ਹੈ।

ਇਸ ਰਸ-ਭਿੰਨਿਅੜੀ ਲੜੀਦਾਰ ਚਾਲ ਵਿਚ ਆਤਮਕ ਹੁਲਾਰੇ ਹਨ, ਨਿਰਮਾਣਤਾ ਹੈ, ਮਨ ਦੀ ਗ਼ਰੀਬੀ ਹੈ, ਹਉਮੈ ਦਾ ਖੈ ਹੈ ਅਤੇ ਭੈ-ਭਾਵਨੀ ਸਹਿਤ ਸੇਵਾ ਦਾ ਚਾਅ ਹੈ। ਇਹ ਗੁਰਸਿਖ ਨੂੰ ਵੈਰਾਗ-ਮਈ ਅਰਦਾਸ ਵਿਚ ਜੋੜਦੀ ਹੈ ਅਤੇ ਚੰਚਲ ਮਨ ਨੂੰ ਇਕਾਗਰਤਾ ਬਖ਼ਸ਼ਦੀ ਹੈ। ਇਹ ਆਪ ਲੜੀਦਾਰ ਹੈ ਅਤੇ ਗੁਰਸਿਖਾਂ ਨੂੰ ਰੱਬੀ-ਲੜੀ ਵਿਚ ਪਰੋਣਹਾਰੀ ਹੈ। ਇਹ ਗੁਰਸਿਖਾਂ ਨੂੰ ਛੇਦਣਹਾਰੀ ਨਹੀਂ ਹੈ। ਗੁਰੂ ਦੀ ਵਡਿਆਈ ਕਰਨ ਦਾ ਭਾਵ ਇਹ ਹੈ ਕਿ ਗੁਰਸਿਖ ਨੂੰ ਗੁਰੂ ਦਾ ਸਭ ਕੁਝ ਹੀ ਗੁਰੂ ਦਾ ਹੁਕਮ, ਗੁਰੂ ਦਾ ਦਰਸ਼ਨ, ਗੁਰੂ ਦੀ ਰਜ਼ਾ ਬ-ਸਰੋ-ਚਸ਼ਮ ਮਨਜ਼ੂਰ ਹੋਵੇ। "**ਤੇਰਾਨਾਮੁਰੂੜੋਰੂਪੁਰੂੜੋਅਤਿਰੰਗੁਰੂੜੋਮੇਰੋ ਰਾਮਈਆ**" ਗੁਰਬਾਣੀ ਕਹਿ ਰਹੀ ਹੈ ਕਿ ਵਾਹਿਗੁਰੂ ਦਾ ਰੂਪ ਰੰਗ ਭੀ ਰੂੜ (ਸੁੰਦਰ) ਹੈ। ਗੁਰਬਾਣੀ ਇਹ ਭੀ ਕਹਿ ਰਹੀ ਹੈਕਿ, "[੧੨]**ਪਾਰਬ੍ਰਹਮਗੁਰਨਾਹੀਭੇਦ**" ਕਿ ਰੱਬ ਅਤੇ ਗੁਰੂ ਵਿਚ ਕੋਈ ਭੇਦ ਨਹੀਂ ਹੈ। ਦੋਨੋਂ ਇਕ ਹੀ ਰੂਪ ਹਨ। ਤਾਂ ਤੇ ਪਾਰਬ੍ਰਹਮ ਦੀ ਤਰ੍ਹਾਂ ਗੁਰੂ ਦਾ ਰੰਗ-ਰੂਪ ਭੀ ਰੂੜੋ ਹੀ ਹੈ। ਅਤੇ ਉਹ ਧੁਰ-ਧੁਰੰਦਰੀ ਗੁਰ ਦਰਸਾਇਆ ਰੂੜੋ ਰੂਪ ਲੜੀਦਾਰ ਰੂਪ ਹੈ। ਚਾਤੁਰ-ਮਨ-ਘੜਤ ਪਦ-ਛੇਦ ਰੂਪ ਨਹੀਂ।

ਆਓ, ਆਪਾਂ ਸਾਰੇ ਆਪਣੀ ਹੋਸ਼ ਸੰਭਾਲੀਏ ਅਤੇ ਪੂਰੇ ਗੁਰੂ ਦੀ ਪੂਰਨ ਰਜ਼ਾ ਅੱਗੇ ਆਪਣੀ ਹਮਾਕਤ ਭਰੀ ਚਤੁਰਾਈ ਨਾ ਦਿਖਾਈਏ। ਕਲਗੀਧਰ ਜੀ ਨੇ ਸਾਨੂੰ ਲੜੀਦਾਰ ਗੁਰ-ਸਰੂਪ ਦੇ ਚਰਨੀਂ ਲਾਇਆ ਹੈ। ਅਸੀਂ ਏਸੇ ਵਿਚ ਹੀ ਆਪਣੇ ਧੰਨ ਭਾਗ ਸਮਝੀਏ ਅਤੇ ਲੜੀਦਾਰ ਸਰੂਪ ਦੇ ਦਰਸ਼ਨਾਂ ਉੱਤੇ ਲੋਟ ਪੋਟ ਹੋ ਜਾਈਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਛਾਪਣ ਵਾਲੀਆਂ ਸ਼ਰੇਣੀਆਂ ਸ਼੍ਰੋਮਣੀ ਕਮੇਟੀ, ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਅੰਬਾਲਾ ਦੇ ਕਰਤੇ ਧਰਤੇ ਅਤੇ ਵਾਪਾਰੀ ਲੋਕ ਆਪਣੇ ਹਿਰਦੇ ਅੰਦਰ ਕਾਂਪ ਖਾ ਕੇ ਸਿਖ ਜਗਤ ਨੂੰ ਉੱਚੀ ਆਵਾਜ਼ ਨਾਲ ਦੱਸ ਦੇਣ ਕਿ ਅੱਜ ਤੋਂ ਇਹ ਵਿਅਕਤੀਆਂ ਗੁਰੂ-ਨਾਨਕ-ਸੰਵਾਰੇ ਲੜੀਦਾਰ ਸਰੂਪ ਦੇ ਹੀ ਹਾਮੀ ਹਨ ਅਤੇ ਹਾਮੀ ਰਹਿਣਗੇ; ਅਤੇ ਪਦ-ਛੇਦ ਸਰੂਪ ਦੀ ਛਪਾਈ ਅਤੇ ਅਭਿਲਾਖੀਆਂ ਤੱਕ ਪਹੁੰਚਾਣ ਦੀ ਸੇਵਾ ਯਕ ਲਖਤ ਬੰਦ ਕਰ ਦੇਣਗੇ। ਇਸ ਵਿਚ ਹੀ ਭਲਾ ਹੈ। "[੧੨]**ਗੁਰਸਿਖਾਕੈਮਨਿਭਾਵਦੀਗੁਰ ਸਤਿਗੁਰਕੀਵਡਿਆਈ**"।

ਜ ਕੋਈ ਭੁਲ ਹੋ ਗਈ ਹੋਵੇ ਤਾਂ ਦਾਸ ਖਿਮਾ ਦਾ ਜਾਚਕ ਹੈ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।

---

੯. ਵਾਰ ਬਿਲਾਵਲ, ਪਉੜੀ ੧੨, ਪੰਨਾ ੮੫੪
੧੦. ਭੈਰਉ ਮਹਲਾ ੫, ਪੰਨਾ ੧੧੪੨
੧੧. ਗਉੜੀ ਕਬੀਰ ਜੀ, ਪੰਨਾ ੩੨੩
੧੨. ਵਾਰ ਗਉੜੀ, ਮ: ੪, ਪੰਨਾ ੩੧੦

www.AKJ.Org

# ਅਦੁੱਤੀ ਸ਼ਹੀਦੀ ਸਾਕਾ

[ ਵਲੋਂ :–ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਲਾ-ਮਿਸਾਲ ਸ਼ਹੀਦੀ ਹੈ, ਜਿਹੜੀ ਕਿ ਰਹਿੰਦੀ ਦੁਨੀਆ ਤਕ ਲਾ-ਮਿਸਾਲ ਹੀ ਰਹੇਗੀ। ਅਜਿਹੀ ਲਾ-ਮਿਸਾਲ ਸ਼ਹੀਦੀ ਬਾਰੇ ਪੰਜ-ਭੂਤਕੀ ਅਲਪਗ ਇਨਸ ਨੀ ਅਕਲ ਕੀ ਅਨਮਾਨ ਲਾ ਸਕਦੀ ਹੈ। ਸਾਡੇ ਲਿਖਾਰੀ ਇਸ ਬਾਰੇ ਜੋ ਕੁਝ ਵੀ ਲਿਖਦੇ ਆ ਰਹ ਹਨ, ਉਹ ਸਹਸ ਸਿਆਣਪਾਂ ਤੇ ਅਕਲੀ ਦੌੜਾਂ ਤਕ ਹੀ ਸੀਮਤ ਹੁੰਦਾ ਹੈ।

"ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸਟਿ ਲਗਿਬਿ ਤਰਹੁ ॥"
"ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨ ਪਰਤਖੵ ਹਰਿ ॥"

ਸਵੱਈਆਂ ਦੀਆਂ ਇਨ੍ਹਾਂ ਤੁਕਾਂ ਵਿਚ ਭੱਟ ਮਥੁਰਾ ਜੀ ਗੁਰੂ ਅਰਜਨ ਦੇਵ ਜੀ ਬਾਰੇ ਪ੍ਰਗਟਾਉਂਦੇ ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ, ਕਲਜੁਗੀ ਜੀਵਨ ਨੂੰ ਭਵ-ਸਾਗਰ ਤੋਂ ਪਾਰ ਉਤਾਰਨਹਾਰੇ ਜਹਾਜ਼ ਰੂਪ ਹਨ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਪਰਤੱਖ ਹਰੀ ਰੂਪ ਹਨ। ਅਜਿਹੀ ਰੋਸ਼ਨੀ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਇਹੋ ਹੀ ਕਹਿਣਾ ਬਣਦਾ ਹੈ ਕਿ ਸਤਿਗੁਰਾਂ ਨੇ ਅਜਿਹੇ ਬਿਖਮ ਭਾਣੇ ਆਪਣੀ ਦੇਹੀ ਉਪਰ ਆਪ ਹੀ ਵਰਤਾਏ, ਚਾਹੇ ਕਾਰਨ ਕੁਝ ਵੀ ਬਣੇ ਕਹੇ ਜਾਂਦੇ ਹਨ। ਸਦੀਆਂ ਤੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜੇ ਰਹਿਣ ਕਰਕੇ ਭਾਰਤ-ਵਾਸੀਆਂ ਦਾ ਖ਼ੂਨ ਠੰਢਾ-ਠਾਰ ਹੋ ਗਿਆ ਸੀ, ਕਾਇਰਤਾ ਉਨ੍ਹਾਂ ਦੇ ਅੰਦਰ ਘਰ ਕਰ ਚੁਕੀ ਸੀ, ਹੰਭਲਾ ਮਾਰਨ ਦਾ ਸਾਹਸ ਹੀ ਕਿਸੇ ਅੰਦਰ ਨਹੀਂ ਸੀ ਰਿਹਾ। ਇਸ ਅਦੁਤੀ ਸ਼ਹੀਦੀ ਨੇ ਸਾਹਸ-ਹੀਣ ਪ੍ਰਾਣੀਆਂ ਦੇ ਖ਼ੂਨ ਵਿਚ ਅਜਿਹਾ ਟੀਕਾ ਲਾਇਆ ਕਿ ਸਭ ਦੇ ਖ਼ੂਨ ਖੌਲ ਉਠੇ ਅਤੇ ਮੁਰਦਾ ਹੋਏ ਦਿਲਾਂ ਵਿਚ ਜੋਸ਼ ਤੇ ਉਬਾਲਾ ਆ ਗਿਆ। ਬਿਖਮ ਭਾਣਿਆਂ ਵਾਲਾ ਇਹ ਸ਼ਹੀਦੀ ਸਾਕਾ ਰਹਿੰਦੀ ਦੁਨੀਆ ਤਕ ਚਾਨਣ-ਮੁਨਾਰਾ ਬਣਿਆ ਰਹੇਗਾ ਅਤੇ ਇਸ ਦਾ ਅਸਰ ਵੀ ਰਹਿੰਦੀ ਦੁਨੀਆ ਤਕ ਕਾਇਮ ਰਹੇਗਾ।

ਮਾਨਯੋਗ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਬਾਰੇ ਹੇਠਾਂ ਦਿਤਾ ਇਹ ਲੇਖ ਅਗੇ ੧੯੭੩ ਦੇ 'ਸੂਰਾ' ਵਿਚ ਛਪ ਚੁਕਾ ਹੈ। ਅਸੀਂ ਪਾਠਕਾਂ ਅਤੇ ਲਿਖਾਰੀਆਂ ਦੀ ਰਹਿਨੁਮਾਈ ਲਈ ਇਹ ਲੇਖ ਦੁਬਾਰਾ ਭੇਟ ਕਰ ਰਹੇ ਹਾਂ। —ਸੰਪਾਦਕ

ਪ੍ਰਭੂ-ਪਠਾਏ, ਧੁਰੋਂ ਆਏ, ਧਰਮ ਧੁਰੰਧਰੀ, ਸਰਬੱਗ ਪੁਰਖਾਂ ਦੀ ਸ਼ਹੀਦੀ ਸਾਕੇ ਅਲਪੱਗ ਅਕਲਾਂ ਵਾਲੇ ਸੰਸਾਰੀ ਜੀਵ ਕੀ ਲਿਖ-ਲਿਖਾ ਸਕਦੇ ਹਨ! ਕਲਾਧਾਰੀ, ਅਕਲ-ਕਲਾ, ਅਪਰੰਪਰੀ ਅਮਰ-ਅਟਾਰਿਆਂ ਦੇ ਧਰਮ-ਧੁਜੀ, ਗੁਰੂ-ਅਵਤਾਰ ਸ੍ਰੀ ਗੁਰੂ ਅਰਜਨ ਸਾਹਿਬ ਦੇ ਸ਼ਹਾਦਤੀ ਚਲਤ-ਚੋਜਾਂ ਦਾ ਪਾਰਾਵਾਰ ਤਾਂ ਕੋਈ ਕੀ ਪਾ ਸਕਦਾ ਹੈ, ਭਾਈ ਮੰਝ ਅਤੇ ਮੂਸਣ ਸਾਰਖੇ ਸ੍ਰੀ ਗੁਰੂ ਪੰਚਮ ਪਾਤਸ਼ਾਹੀ ਦੇ ਅਨਿੰਨ ਸਿਖ-ਸੰਤ ਭਗਤਾਂ ਦੀ ਕਰਨੀ-ਕਮਲ-ਜਮਾਲ ਨੂੰ ਵੀ ਓਹੀ ਜਨ ਲਿਖ-ਬੁਝ ਸਕਦਾ ਹੈ ਜੋ ਖ਼ੁਦ ਸਾਹਿਬੇ ਕਸ਼ਫ਼ ਕਮਾਲ ਹੋਵੇ ਅਤੇ ਜਿਸ ਨੂੰ ਗੁਰੂ-ਕਰੁਣਾ ਦੁਆਰਾ ਆਗਮ-ਨਿਗਮ ਦੀ ਅਗੰਮੀ ਸੋਝੀ ਹੋ ਗਈ ਹੋਵੇ; ਜਿਸ ਦੀ ਆਤਮ-ਬ੍ਰਿਤੀ ਉਨ੍ਹਾਂ ਮੰਡਲਾਂ ਵਿਚ ਹੀ ਖੇਡਦੀ ਹੋਵੇ, ਜਿਸ ਊਚ-ਮੰਡਲੀ ਮੰਜ਼ਲਾਂ ਉਤੇ ਪੁਗ ਚੁਕੇ ਅਲੌਕਿਕ ਸ਼ਹੀਦਾਂ ਦੇ ਭੂਤਕਾਲ ਵਿਖੇ ਵਰਤੇ ਸ਼ਹੀਦੀ ਬਿਰਤਾਂਤ ਦਾ ਦ੍ਰਿਸ਼ ਸਾਂਗੋ-ਪਾਂਗ ਲਿਖਣ ਨੂੰ ਉਹ ਸਮਰੱਥ ਹੋਣ। ਓਹੀ ਬਸ ਓਹੀ, ਸੱਚੀ ਸ਼ਹੀਦੀ ਉਤੇ ਕੋਈ ਸੱਚਾ ਲੇਖ ਲਿਖ ਸਕਦੇ ਹਨ। ਤਿਨ੍ਹਾਂ ਉਤੇ ਛਿਨ ਭੰਗਰ ਮਾਤਰ ਭੂਤ ਭਵਿੱਖਤ ਚਮਤਕਾਰਾਂ ਦ ਦਾਨੀ ਲਖਣਹਾਰੇ ਹੋਣ ਦੀਆਂ ਕ੍ਰਿਸ਼ਮ-ਕਟਾਖਸ਼ੀ ਦਿਬ-ਦ੍ਰਿਸ਼ਟੀਆਂ ਨਾਜ਼ਲ ਹੋ ਗਈਆਂ ਹੋਣ। ਉਨ੍ਹਾਂ ਤੋਂ ਭੀ ਗੁਰੂ ਸਾਹਿਬ ਅਜਿਹੇ ਲੇਖ ਲਿਖਣ-ਲਿਖਾਉਣ ਦੀ ਸੇਵਾ ਆਪ ਲੈ ਲੈਂਦੇ ਹਨ। ਐਵੇਂ ਮਨ-ਮਰਜ਼ੀ ਦੇ ਅਕਲੀ ਢਕੌਂਸਲੇ ਲਿਖ ਲਿਖ ਕੇ ਅਖ਼ਬਾਰਾਂ ਦੇ ਕਾਲਮ ਕਾਲੇ ਕਰਨੇ ਕਖ ਮਾਤ੍ਰ ਭੀ ਲਾਭਦਾਇਕ ਨਹੀਂ ਹੋ ਸਕਦੇ।



www.AKJ.Org

ਲੋਕਾਂ ਨੂੰ ਲੇਖ ਲਿਖਾਉਣ ਦੇ ਮੇਨੀਏ ਲਗੇ ਹੋਏ ਹਨ। ਤਤ-ਲਿਖਾਰੀ ਕਿਸੇ ਦੇ ਜ਼ੁਚ ਕੀਤੇ ਹੋਏ ਕਦੇ ਕੁਝ ਨਹੀਂ ਲਿਖਣਗੇ। ਜਦੋਂ ਉਨ੍ਹਾਂ ਨੂੰ ਆਤਮ-ਤਰੰਗੀ ਕੋਈ ਕਾਂਗ ਉਠੇਗੀ ਤਦੋਂ ਉਨ੍ਹਾਂ ਦੇ ਅੰਤਰ-ਆਤਮੇ ਬਚਿਤ੍ਰ ਚਰਿਤ੍ਰਾਂ ਦੇ ਚਿਤ੍ਰ ਸਾਂਗੋ-ਪਾਂਗ ਆਣ ਅੰਕ੍ਰਿਤ ਹੋਣਗੇ। ਚਿਤ੍ਰਾਂ ਨੂੰ ਲੱਖ ਕੇ ਲਿਖਿਆ ਲੇਖ ਅਤੇ ਚਿਤਰਿਆ ਚਿਤ੍ਰ ਹੀ ਗੁਣਕਾਰੀ ਹੈ।

ਨਾ ਅਸੀਂ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦੇ ਪਾਏ ਤੱਤ-ਸ਼ਹੀਦੀ ਪੂਰਨਿਆਂ ਦੀ ਤਹਿ ਨੂੰ ਪੁਜ ਸਕਦੇ ਹਾਂ ਅਤੇ ਨਾ ਉਕਤ ਸ਼ਹੀਦੀ ਤਤ-ਆਦਰਸ਼ ਦਾ ਅਨੁਮਾਨ ਲਾ ਸਕਦੇ ਹਾਂ। ਐਵੇਂ ਲੋਕੀਂ ਆਪੋ ਆਪਣੀਆਂ ਅਕਲਾਂ ਦੇ ਲਖਣ ਲਾ ਲਾ ਕੇ ਲੇਖ ਲਿਖਣ ਦਾ ਦਿਲ-ਪਰਚਾਵਾ ਕਰਦੇ ਹਨ। ਅਸਾਨੂੰ ਤਾਂ ਉਸ ਅਤਿ ਓਚੇ ਦਰਗਾਹ ਵਾਲੇ ਸਤਿਗੁਰੂ ਦੀ ਸ਼ਹੀਦੀ ਸ਼ਾਨ ਵਿਚ ਕੁਝ ਲਿਖਣ ਦਾ ਹੀਆ ਨਹੀਂ ਪੈਂਦਾ, ਨਾ ਹੀ ਕੁਝ ਅਹੁੜਦਾ ਹੈ। ਉਨ੍ਹਾਂ ਦੇ ਚਰਨਾਂ ਵਿਚ ਚੁੱਭੀ ਮਾਰ ਕੇ ਜੇ ਇਕ ਅਕਸ ਮਾਤਰ ਭੀ ਉਚੇ ਚੜ੍ਹੀਏ ਤਾਂ ਸਾਨੂੰ ਆਮ ਇਨਸਾਨਾਂ ਵਾਲੀਆਂ, ਆਮ ਦੀਨੀ ਦੁਨਿਆਵੀ ਸ਼ਹੀਦਾ ਵਾਲੀਆਂ ਸ਼ਹੀਦੀਆਂ ਬਹੁਤ ਹੀ ਨੀਵੀਆਂ ਪਰਤੀਤ ਹੁੰਦੀਆਂ ਹਨ।

ਅਸੀਂ ਲਗਪੱਗ ਸੰਸਾਰੀ ਜੀਵ ਆਪਣੇ ਹੀ ਵਹਿਣਾਂ ਵਿਚ ਰੁੜ੍ਹ ਕੇ ਇਸ ਸ਼ਹੀਦੀ ਖਿਆਲ ਉਪਰ ਭਾਂਤ-ਭਾਂਤੀ ਮਨ-ਖਿਆਲੇ ਹਾਸ਼ੀਏ ਚਾੜ੍ਹਦੇ ਹਾਂ। ਵਾਸਤਵ ਵਿਚ ਦੁਨੀਆ ਦੂਜਿਆਂ ਦੇ ਮਰਸੀਏ ਪੜ੍ਹ ਪੜ੍ਹ ਆਪੋ ਆਪਣੇ ਦੁਖ ਰੋਂਦੀ ਹੈ ਅਤੇ ਕੀਰਨੇ ਪਾ ਪਾ ਕੇ ਦਸਦੀ ਹੈ ਕਿ ਅਸੀਂ ਹੀ ਮਰ-ਜੀਵਿਆਂ ਦੇ ਪੂਰੇ ਰਾਜ਼-ਸ਼ਿਨਾਸ ਹਾਂ।

ਦੁਖ ਸੁਖ ਰਹਿਤ ਬ੍ਰਹਮ-ਗਿਆਨੀ ਸਤਿਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸਹਿਮਨਾਕ ਸਾਕਾ ਦ੍ਰਿਸ਼ਟਾਉਣ ਨੂੰ ਆਮ ਲੇਖਕ ਬੜੇ ਬੜੇ ਦਰਦਨਾਕ ਲੇਖ ਲਿਖਦੇ ਹਨ ਅਤੇ ਪੰਜ ਭੂਤਕ ਦੇਹੀ ਦੇ ਦਾਰਨ ਦੁਖਾਂ ਦਾ ਨਕਸ਼ਾ ਬੰਨ੍ਹ ਬੰਨ੍ਹ ਹੀ ਲੇਖ-ਪੜ੍ਹਾਕੂਆਂ ਦੇ ਦਿਲਾਂ ਨੂੰ ਦੂਵੀ ਭੂਤ ਕਰਾਉਂਦੇ ਹਨ, ਪਰ ਓਥੇ ਦੁਖ ਕਲੇਸ਼ਾਂ ਦੀ ਤੱਤੀ ਵਾਉ ਨਹੀਂ ਲਗ ਸਕਦੀ, ਜਿਥੇ ਪੂਰਨ ਬ੍ਰਹਮ, ਪਾਰਬ੍ਰਹਮ, ਅਕਾਲ ਮੂਰਤੀ, ਨਿਰੰਕਾਰੀ ਆਕਾਰ ਹੋਵੇ। ਸਤਿਗੁਰੂ ਦੇ ਸਰੀਰ ਉਤੇ ਛਾਲੇ ਕੀ ਪੈਣੇ ਸਨ, ਇਹ ਅਸਾਡੇ ਹੀ ਦਿਲ ਦੇ ਫਫੋਲੇ ਅਸਾਡੇ ਦਿਲ ਦੀ ਅੱਗ ਨਾਲ ਜਲ ਉਠਦੇ ਹਨ।

ਸਾਨੂੰ ਤਾਂ ਗੁਰਬਾਣੀ ਦ੍ਰਿੜ੍ਹਾਉਂਦੀ ਹੈ ਕਿ ਜਿਨ੍ਹਾਂ ਦੇ ਜੀਅੜੇ, ਹੀਅੜੇ ਅੰਦਰ ਗੁਰੂ ਕਾ ਗਾਰੜ ਮੰਤ੍ਰੀ ਸ਼ਬਦ ਬਚਨ ਵਸਿਆ ਹੈ, ਓਹ ਜਨ ਨਾ ਹੀ ਜਲ ਵਿਚ ਡੁਬ ਸਕਦੇ ਹਨ ਅਤੇ ਨਾ ਹੀ ਅੱਗ ਵਿਚ ਸੜ ਸਕਦੇ ਹਨ ਅਤੇ ਓਹਨਾਂ ਦੇ ਸਰੀਰਾਂ ਨੂੰ ਤੱਤੇ ਤਵਿਆਂ ਦਾ ਤਾਉ ਅਤੇ ਉਬਲਦੀਆਂ ਦੇਗਾਂ ਦਾ ਦਗਾਉ ਪੋਹ ਨਹੀਂ ਸਕਦਾ। ਤੇਲ ਦੇ ਤੱਤੇ ਕੜਾਹੇ ਵਿਚ ਤਲੀਂਦੇ ਮਰਦਾਨੇ ਨੂੰ ਕਿਸ ਚੀਜ਼ ਨੇ ਉਬਾਰਿਆ ? ਗੁਰੂ ਕੇ ਸ਼ਬਦ ਨੇ ਇਕ ਛਾਲਾ ਵੀ ਨਹੀਂ ਪੈਣ ਦਿੱਤਾ, ਸਗੋਂ ਤੱਤਾ ਕੜਾਹਾ ਹੀ ਠੰਢਾ ਪੈ ਗਿਆ। ਗੁਰੂ ਨਾਨਕ ਸਾਹਿਬ ਨਿਰੰਕਾਰੀ ਨੇ ਇਹ ਚਲਤ ਰਚਾ ਕੇ ਸਗੋਂ ਕੌਡੇ ਰਾਕਸ਼ ਨੂੰ ਪ੍ਰਾਸਚਿਤ-ਅਗਨੀ ਵਿਚ ਤਲਿਆ ਅਤੇ ਫੇਰ ਤਾਉ 'ਤੇ ਤਾਉ ਦੇ ਕੇ, ਉਸ ਦੇ ਕੋਟਿ-ਕੋਟੰਤਰੀ ਪਾਪਾਂ-ਅਘਾਂ ਨੂੰ ਪ੍ਰਚੰਡ ਕ੍ਰਿਸ਼ਮਾਇਣੀ ਰਸਾਇਣ ਦੁਆਰਾ ਦਗਧ ਕੀਤਾ।

ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਚਲਤ ਆਪਣੇ ਸਰੀਰ ਉਪਰ ਹੀ ਆਪ ਵਰਤਾਏ। ਉਨ੍ਹਾਂ ਦੀ ਉਸ਼ਨ-ਸੀਤ ਰਹਿਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿਤੇ ਅਗਨ-ਦਾਹ ਤਸੀਹਿਆਂ ਦਾ ਦਾਗ ਵੀ ਨਹੀਂ ਲਗਿਆ, ਸਗੋਂ ਦੁਸ਼ਟ-ਰਾਜ ਦੀ ਜੜ੍ਹ-ਮੇਖ ਦਾਗੀ-ਦਾਹੀ ਗਈ। ਇਕੋ ਜੋਗ-ਜੁਗਤਿ ਦੇ ਮਾਲਕ ਤੇਜ-ਪੁੰਜ ਗੁਰੂ, ਕੀ ਆਪਣੇ ਸਰੀਰ ਉਪਰੋਂ ਇਹ ਸਾਕਾ ਨਹੀਂ ਟਾਲ ਸਕਦੇ ਸਨ, ਜਿਨ੍ਹਾਂ ਨੇ ਮਰਦਾਨੇ ਦੇ ਸਰੀਰ ਨੂੰ ਦਾਹ-ਸਾਕੇ ਦੇ ਸੇਕ ਤੋਂ ਬਚਾਇਆ ? ਪਰ ਇਸ ਅਦੁੱਤੀ ਅਹੂਤੀ ਦਿਤੇ ਬਾਝੋਂ ਦੁਖਿਤ ਪਰਜਾ ਦੇ ਦਾਹ ਨਹੀਂ ਮਿਟ ਸਕਦੇ ਸਨ ਅਤੇ ਦੁਸ਼ਟ ਰਾਜ ਦੇ ਬਿਨਾਸ਼ ਦਾ ਬਾਨ੍ਹਣੂ ਨਹੀਂ ਬੱਝ ਸਕਦਾ ਸੀ, ਅਤੇ ਏਸ ਇਲਾਹੀ ਰਮਜ਼ ਨੂੰ ਆਮ ਇਨਸਾਨੀ ਅਕਲ ਅਤੇ ਦਿਮਾਗੀ ਫ਼ਿਲਾਸਫ਼ੀ ਕੀ ਸਮਝ ਸਕਦੀ ਹੈ ਕਿ ਮਹਾਂ ਪੁਰਸ਼



www.AKJ.Org

# ਕਾਰਜ ਸਾਧਕ ਕਮੇਟੀ ਅਖੰਡ ਕੀਰਤਨੀ ਜੱਥਾ ਦੀ ਮੀਟਿੰਗ

ਉਤਾਰਾ ਕਾਰਵਾਈ ਇਕੱਤਰਤਾ ਕਾਰਜ ਸਾਧਕ ਕਮੇਟੀ ਅਖੰਡ ਕੀਰਤਨੀ ਜੱਥਾ, ਜੋ ਮਿਤੀ ੧੨.੪.੭੭ ਸ੍ਰੀ ਅੰਮ੍ਰਿਤਸਰ (ਅਜੀਤ ਨਗਰ) ਵਿਖੇ ਹੋਈ, ਪੇਸ਼ ਹੋਣ ਤੇ ਹੇਠ ਲਿਖੇ ਮਤੇ ਸਰਬ ਸੰਮਤੀ ਨਾਲ ਪਾਸ ਹੋਏ :—

(੨) ਅਖੰਡ ਕੀਰਤਨੀ ਜੱਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਲੜੀਦਾਰ (ਜੁੜਵੇਂ) ਅੱਖਰਾਂ ਦੇ ਸਰੂਪ ਵਿਚ ਛਪਣ ਅਤੇ ਪ੍ਰਕਾਸ਼ ਕਰਨ ਦੇ ਹੱਕ ਵਿਚ ਹੈ।

(੪) ਜੱਥੇ ਦੀ ਚੜ੍ਹਦੀ ਕਲਾ ਅਤੇ ਸੰਗਠਨ ਨੂੰ ਬਰਕਰਾਰ ਰਖਣ ਵਾਸਤੇ, ਜੱਥੇ ਦੇ ਸਮਾਗਮ ਦੇ ਮੁਕਾਬਲੇ ਤੇ ਕੋਈ ਹੋਰ ਸਮਾਗਮ ਨਾ ਰਖੇ ਜਾਣ। ਜੱਥੇ ਦੇ ਸਮਾਗਮ ਨੂੰ ਹੀ ਤਰਜੀਹ ਦਿਤੀ ਜਾਵੇ। ਜੱਥੇ ਦੇ ਮੈਂਬਰ ਕੋਈ ਅਜਿਹਾ ਵਤੀਰਾ ਅਖਤਿਆਰ ਨਾ ਕਰਨ ਜਿਸ ਨਾਲ ਜੱਥੇ ਦੀ ਉਨਤੀ ਅਤੇ ਸੰਗਠਨ'ਚ ਵਿਘਨ ਪਵੇ।

(੫) ਅੰਮ੍ਰਿਤ ਵੇਲੇ ਦੀ ਸੰਭਾਲ ਦੀ ਜ਼ਰੂਰ ਕੋਸ਼ਿਸ਼ ਕੀਤੀ ਜਾਵੇ। ਆਮ ਤੌਰ ਤੇ ਪੰਜ ਵਜੇ ਤੋਂ ਪਿਛੋਂ ਆਸਾ ਦੀ ਵਾਰ ਦਾ ਕੀਰਤਨ ਅਰੰਭ ਕਰਨ ਦੇ ਤਰੀਕੇ ਨੂੰ ਵਰਤੋਂ ਵਿਚ ਨਾ ਹੀ ਲਿਆਂਦਾ ਜਾਵੇ ਅਤੇ ਵਾਰ ਵੇਲੇ ਸਿਰ ਅਰੰਭ ਹੋਵੇ।

( ) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਜੋ, ੭ ਜੁਲਾਈ ੧੯੭੮ ਨੂੰ ਆ ਰਹੀ ਹੈ, ਦਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਉਲੀਕਿਆ ਗਿਆ ਹੈ —

(ੳ) ਇਕ ਸਪੈਸ਼ਲ ਨਾਮ ਅਭਿਆਸ ਕਮਾਈ ਸਮਾਗਮ ਅਤੇ ਸ੍ਰੀ ਅਖੰਡ ਪਾਠ ਸਮਾਗਮ ਕਿਸੇ ਯੋਗ ਥਾਂ (ਕੁਮਾਰ ਹੱਟੀ) ਤੇ ਰਖਿਆ ਜਾਵੇ।

(ਅ) ੧੯੭੮ ਦੇ ਸਮੂਹ ਸੈਂਟਰਲ ਜਾਂ ਸਥਾਨਕ ਵਾਰਸ਼ਿਕ ਕੀਰਤਨ ਸਮਾਗਮ ਉਚੇਚੇ ਪਧਰ ਤੇ ਕੀਤੇ ਜਾਣ। ਉਨ੍ਹਾਂ ਦੇ ੯੯ਵੇਂ ਜਨਮ-ਦਿਨ ਤੇ ਸ਼ਤਾਬਦੀ ਦਾ ਵਧੇਰੇ ਪ੍ਰੋਗਰਾਮ ਉਲੀਕਣ ਲਈ ਖ਼ਾਸ ਸਮਾਗਮ ਲੁਧਿਆਣੇ ੧੦.੭.੭੭ ਨੂੰ ਕੀਤਾ ਜਾਵੇ।

(ੲ) ਭਾਈ ਸਾਹਿਬ ਜੀ ਰਚਿਤ ਪੁਸਤਕਾਂ ਸਬੰਧੀ ਆਮ ਗਿਆਤ ਕਰਾਉਣ ਲਈ ਇਕ ਸਪੈਸ਼ਲ ਟਰੈਕਟ (monograph) ਛਾਪਿਆ ਜਾਵੇ, ਜਿਸ ਦੀ ਸੇਵਾ ਅਖੰਡ ਕੀਰਤਨੀ ਜੱਥਾ ਦਿਲੀ ਨੂੰ ਦਿਤੀ ਗਈ। ਇਹ ਟਰੈਕਟ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਛਾਪਿਆ ਜਾਵੇ।

(ਸ) 'ਸੂਰਾ' ਦਾ ਇਕ ਸਪੈਸ਼ਲ ਅੰਕ ਛਾਪਿਆ ਜਾਵੇ। ਇਸ ਸਬੰਧੀ 'ਸੂਰਾ' ਸੰਪਾਦਕੀ ਬੋਰਡ ਨੂੰ ਹੁਣ ਤੋਂ ਹੀ ਤਿਆਰੀ ਸ਼ੁਰੂ ਕਰਨ ਲਈ ਬੇਨਤੀ ਕਰ ਦਿਤੀ ਗਈ।

(ਹ) ਅੰਗਰੇਜ਼ੀ ਦੇ ਮਾਸਕ ਪੱਤਰ 'Sikh Review' ਕਲਕੱਤਾ ਵਲੋਂ ਆਈ ਚਿਠੀ ਤੇ ਵਿਚਾਰ ਕਰ ਕੇ ਫ਼ੈਸਲਾ ਹੋਇਆ ਕਿ ਉਨ੍ਹਾਂ ਨੂੰ "ਸਪੈਸ਼ਲ ਭਾਈ ਸਾਹਿਬ ਰਣਧੀਰ ਸਿੰਘ ਅੰਕ" ਕੱਢਣ ਸਬੰਧੀ ਪੂਰਾ ਸਹਿਯੋਗ ਦਿਤਾ ਜਾਵੇ।

(ਕ) ਇਹ ਭੀ ਫ਼ੈਸਲਾ ਕੀਤਾ ਗਿਆ ਕਿ ਇਸੇ ਸਾਲ ੧੯੭੭ ਦੇ ਅੰਤ ਤਕ ਭਾਈ ਸਾਹਿਬ ਜੀ ਰਚਿਤ ਸਮੂਹ ਪੁਸਤਕਾਂ ਛਪ ਜਾਣ। ਹਰ ਸ਼ਹਿਰ, ਕਸਬਾ ਦੇ ਅਖੰਡ ਕੀਰਤਨੀ ਜੱਥੇ ਨੂੰ ਪੁਸਤਕਾਂ ਦੀ ਛਪਾਈ ਵਿਚ ਹੱਥ ਵਟਾਣ ਲਈ ਇਕ ਇਕ ਪੁਸਤਕ ਦੀ ਛਪਾਈ ਦਾ ਖ਼ਰਚ ਚੁਕਣ ਬਾਰੇ ਉਪਰਾਲਾ ਕਰਨਾ ਚਾਹੀਦਾ ਹੈ ਅਤੇ ਇਸ ਸਬੰਧੀ ਭਾਈ ਬਲਬੀਰ ਸਿੰਘ ਜੀ (126-R, ਮਾਡਲ ਟਾਊਨ, ਲੁਧਿਆਣਾ) ਨਾਲ ਚਿਠੀ ਪਤਰ ਕੀਤੀ ਜਾਵੇ ਤਾਂ ਜੁ ਪੁਸਤਕਾਂ ਦੀ ਛਪਾਈ ਵਿਚ ਮਾਯਾਵੀ ਓਕੜ ਨਾ ਆਵੇ।

---

ਦੀ ਕੁਰਬਾਨੀ ਦੁਆਰਾ ਜ਼ੁਲਮ ਅਤੇ ਜ਼ਾਲਮਾਂ ਦਾ ਕਾਫ਼ੀਆ ਤੰਗ ਹੁੰਦਾ ਹੈ ਅਤੇ ਜ਼ੁਲਮੀ ਰਾਜ ਦਾ ਕਿਵੇਂ ਬਿਨਾਸ਼ ਹੋ ਜਾਂਦਾ ਹੈ ਅਤੇ ਕਿਵੇਂ ਮਜ਼ਲੂਮਾਂ ਦੇ ਜ਼ੁਲਮ ਤੋਂ ਨਿਜਾਤ ਤੇ ਬੰਦ-ਖ਼ਲਾਸ ਹੁੰਦੀ ਹੈ। ਇਹੋ ਤਾਂ ਰਮਜ਼ ਹੈ, ਜਿਸ ਨੂੰ ਸੰਸਾਰੀ ਸਿਆਣੇ ਨਹੀਂ ਸਮਝ ਸਕਦੇ ਅਤੇ ਇਸ ਤੋਂ ਵਧ ਕੇ ਹੋਰ ਖ਼ਬਰੇ ਕਿਤਨੇ ਕੁ ਰਾਜ਼-ਨਿਆਜ਼ੀ ਗੁਪਤ ਭੇਦ ਮਹਾਂ ਪੁਰਸ਼ਾਂ ਦੀਆਂ ਸ਼ਹਾਦਤਾਂ ਦੇ ਹੋਣਗੇ ਜਿਨ੍ਹਾਂ ਨੂੰ ਅਸੀਂ ਅਨੁਮਾਨ ਅੰਦਰ ਵੀ ਨਹੀਂ ਲਿਆ ਸਕਦੇ, ਤਾਂ ਤੇ ਮਸ਼ਟ-ਮਗਨ ਰਹਿਣਾ ਹੀ ਉਚਿਤ ਹੈ। ਏਥੇ ਡੀਂਗ ਮਾਰਨ ਦੀ ਨਹੀਂ ਜਾਏ ਵੇ ਅੜਿਆ।



www.AKJ.Org

# ਬਿਪਰਨ ਕੀ ਰੀਤਿ

ਜਬ ਲਗੁ ਖਾਲਸਾ ਰਹੈ ਨਿਆਰਾ ॥
ਤਬ ਲਗੁ ਤੇਜ ਦੀਓ ਮੈ ਸਾਰਾ ॥
ਜਬ ਇਹੁ ਗਹੈ ਬਿਪਰਨ ਕੀ ਰੀਤਿ ॥
ਮੈ ਨ ਕਰਉ ਇਨ ਕੀ ਪਰਤੀਤ ॥

ਗੱਲ ਸਹੇ ਦੀ ਨਹੀਂ ਪਹੇ ਦੀ ਹੈ। ਤੰਦ ਜਦੋਂ ਛਿਜ ਜਾਏ ਉਸੇ ਵੇਲੇ ਜੋੜ ਲੈਣੀ ਚਾਹੀਦੀ ਹੈ, ਨਹੀਂ ਤਾਂ ਇਕ ਇਕ ਕਰਕੇ ਤੰਦਾਂ ਟੁਟਦਿਆਂ, ਇਕ ਦਿਹਾੜੇ ਲੰਗਾਰ ਲਹਿ ਜਾਵੇਗਾ ਤੇ ਕੱਪੜਾ ਨਿਕੰਮਾ ਤੇ ਵਰਤੋਂ-ਹੀਣ ਹੋ ਜਾਵੇਗਾ।

"ਬਿਪਰਨ ਕੀ ਰੀਤ", ਇਹਨਾਂ ਤ੍ਰੈ ਸ਼ਬਦਾਂ ਦੁਆਰਾ ਕੀਤੇ ਗਏ ਸੰਕੇਤ ਦਾ ਘੇਰਾ ਬੜਾ ਵਿਸ਼ਾਲ ਹੈ। 'ਇਕ' ਦੀ ਪੂਜਾ ਦੀ ਥਾਵੇਂ 'ਬਹੁ-ਦੇਵ' ਪੂਜਾ ਕਰਨੀ, 'ਸ਼ਬਦ' ਨੂੰ ਛੱਡ ਕੇ ਮੜ੍ਹੀ-ਪ੍ਰਸਤੀ ਅਤੇ 'ਬੁੱਤ' ਪੂਜਣੇ, ਜਨਮ ਦੇ ਅਧਾਰ ਤੇ ਮਨੁੱਖਤਾ ਨੂੰ ਵਰਣ-ਆਸ਼ਰਮਾਂ ਵਿਚ ਵੰਡਣਾ ਤੇ ਊਚ-ਨੀਚ ਦਾ ਭੇਦ ਪਾਉਣਾ, ਆਪਣੇ ਆਪ ਨੂੰ ਧਰਮ ਦਾ ਠੇਕੇਦਾਰ ਸਮਝਣਾ, ਅਤੇ ਧਰਮ ਨੂੰ ਵਹਿਮਾਂ ਭਰੀਆਂ ਰਸਮਾਂ ਤਕ ਸੀਮਤ ਰਖਣਾ ਆਦਿ ਤੇ ਹੋਰ ਬਹੁਤ ਕੁਝ "ਬਿਪਰਨ ਕੀ ਰੀਤਿ" ਵਿਚ ਆ ਜਾਂਦਾ ਹੈ।

ਗੁਰੂ ਪਾਤਸ਼ਾਹ ਵਚਨ-ਬੱਧ ਹਨ ਕਿ ਉਹਨਾਂ ਦੀ ਸਾਰੀ ਸ਼ਕਤੀ ਤੇ ਸ਼ੋਭਾ ਸਦੀਵ ਕਾਲ ਹੀ ਖ਼ਾਲਸੇ ਲਈ ਹੈ, ਪਰ ਓਦੋਂ ਤਕ ਹੀ ਜਦੋਂ ਤਕ ਖ਼ਾਲਸਾ ਆਪਣੀ ਖ਼ਾਲਸਈ ਵਿਲੱਖਣ ਰਹੁ-ਰੀਤਿ ਕਾਇਮ ਰਖੇਗਾ। ਇਸ ਦੇ ਨਾਲ ਹੀ ਤਾੜਨਾ ਤੇ ਤੰਬੀਹ (warning) ਵੀ ਹੈ ਕਿ ਜਦੋਂ ਇਹ 'ਖ਼ਾਲਸਾ' ਆਪਣੇ ਅਸਲੀ ਖਾਲਸ-ਤ੍ਵ ਨੂੰ ਤਿਆਗ ਕੇ 'ਬਿਪਰਨ ਕੀ ਰੀਤਿ' ਵਿਚ ਪਰਵਿਰਤ ਹੋ ਜਾਵੇਗਾ ਤਾਂ ਗੁਰੂ ਦੀ ਪਰਤੀਤਿ ਤੋਂ ਵਿਰਵਾ ਹੋ ਜਾਵੇਗਾ।

ਕੌਮਾਂ ਓਹੋ ਜ਼ਿੰਦਾ ਅਤੇ ਚੜ੍ਹਦੀਆਂ ਕਲਾਂ ਵਿਚ ਰਹਿੰਦੀਆਂ ਹਨ ਜੋ ਸਮੇਂ ਸਮੇਂ ਆਪਣਾ ਸ੍ਵੈ-ਨਿਰੀਖਣ ਕਰਦੀਆਂ ਰਹਿਣ। ਜਾਂ ਜੇ ਕੋਈ ਉਹਨਾਂ ਦਾ ਨਿਰੀਖਣ ਕਰਨ ਲਈ 'ਸੱਚ' ਸੁਨਾਣ ਦਾ ਯਤਨ ਕਰੇ ਤਾਂ ਉਸ ਨੂੰ ਧੀਰਜੋ ਨਾਲ ਸੁਣਨ ਅਤੇ ਵਿਚਾਰ ਕੇ ਪ੍ਰਗਟਾਈਆਂ ਗਈਆਂ ਖ਼ਾਮੀਆਂ ਨੂੰ ਦੂਰ ਕਰਨ ਦਾ ਉਪਰਾਲਾ ਕਰਨ।

ਇਤਿਹਾਸ ਸ਼ਾਹਦ ਹੈ ਕਿ ਖ਼ਾਲਸਾ ਭੀੜਾਂ ਦੇ ਸਮੇਂ ਵਿਚ ਹਮੇਸ਼ਾ ਮਾਨ ਮਰਯਾਦਾ ਵਿਚ ਪ੍ਰਪੱਕ ਰਿਹਾ ਅਤੇ ਸਦਾ ਹੀ ਚਮਕਿਆ, ਪਰ ਇਸਦੇ ਉਲਟ, ਜਦੋਂ ਐਸ਼੍ਵਰਜ ਨੂੰ ਪ੍ਰਾਪਤ ਹੋਇਆ ਤਾਂ 'ਬਿਪਰਨ ਕੀ ਰੀਤਿ' ਵਿਚ ਪਰਵਿਰਤ ਹੋ ਪਤਨ ਵਲ ਗਿਆ। ਪਹਿਲਾਂ ਕੁਰ-ਸੀਆਂ ਲੈਣ ਦੇ ਲਾਲਚ ਵਿਚ ਅਤੇ ਫਿਰ ਮਿਲੀਆਂ ਕੁਰਸੀਆਂ ਦੇ ਨਸ਼ੇ ਵਿਚ ਹਰ ਕੋਈ ਮਨ-ਆਈਆਂ ਕਰਦਾ ਹੈ। ਇਹ ਗੁਰ-ਮਤਿ ਤੋਂ ਲਾਂਭੇ ਲਿਜਾਣ ਵਾਲਾ ਰਾਹ ਹੈ।

ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਸਮੇਂ ਸਮੇਂ ਵਿਅਕਤੀ-ਗਤ ਤੌਰ ਤੇ ਅਤੇ ਸਾਂਝੇ ਤੌਰ ਤੇ ਸ਼ਕਤੀ ਅਤੇ ਸਰਦਾਰੀ ਮਿਲਦੀ ਅਤੇ ਖੁਹੀਂਦੀ ਆਈ ਹੈ। ਸ਼ਕਤੀ ਤੇ ਚੌਧਰ ਆਉਣੀ ਜਾਣੀ ਚੀਜ਼ ਹੈ। ਅਸਲੀ ਗੱਲ ਹੈ ਮੱਤ ਦਾ ਟਿਕਾਣੇ ਰਹਿਣਾ।

ਇਹਨਾਂ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਵਿਚ ਪੰਜਾਬ ਵਿਚ ਪੰਥਕ ਪਾਰਟੀ ਦਾ ਬੋਲਬਾਲਾ ਹੋਇਆ ਹੈ। ਗੁਰੂ ਦੀ ਮਿਹਰ ਵਰਤੀ ਹੈ। ਇਹ ਕੁਝ-ਅਕਾਲੀਆਂ ਦੇ ਖ਼ਾਲਸਈ ਨਿਆਰਾ-ਪਨ ਕਾਇਮ ਰਖਣ ਦੀ ਬਰਕਤ ਸਦਕਾ ਹੋਇਆ ਹੈ। ਅਖ਼ਬਾਰ ਵਿਚ ਹੇਠ-ਲਿਖੀ ਖ਼ਬਰ ਛਪੀ ਹੈ:—

ਅਜੀਤ' ਤੇ 'ਅਕਾਲੀ ਪੱਤ੍ਰਕਾ' ੨੫ ਮਾਰਚ ੧੯੭੭

ਸੌਂਹ ਚੁਕਣ ਦਾ ਪ੍ਰੋਗਰਾਮ 'ਬੰਦੇ ਮਾਤਰਮ' ਨਾਲ ਸ਼ੁਰੂ ਹੋਇਆ। ਫਿਰ ਵੇਦ, ਕੁਰਾਨ, ਬਾਈਬਲ ਆਦਿ ਧਾਰਮਿਕ ਗਰੰਥ ਦੇ ਅੰਸ਼ਾਂ ਦਾ ਪਾਠ ਹੋਇਆ। ਗੰਧਰਵ ਮਹਾਂ ਵਿਦਿਆਲਾ ਦੀ ਵਿਦਿਆਰਥਣ ਨੇ ਬਾਪੂ ਦਾ ਪਿਆਰਾ ਭਜਨ "ਵੈਸ਼ਨਵ ਜਨ ਤੋ ਤੈਨੇ ਕਹੀਏ" ਗਾਇਆ। ਬਾਦ ਵਿਚ ਰਾਸ਼ਟਰੀ ਗੀਤ ਸ਼ੁਰੂ ਹੋਇਆ। ਮੈਂਬਰਾਂ ਨੇ ਸਮਾਧੀ ਦੀ ਪਰਕਰਮਾਂ ਕੀਤੀ ਅਤੇ ਫੂਲ ਚੜ੍ਹਾਏ। ਪ੍ਰੋਗਰਾਮ ਦਾ ਸੰਚਾਲਨ ਜਨਤਾ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਲਾਲ ਕ੍ਰਿਸ਼ਨ ਐਡਵਾਨੀ ਨੇ ਕੀਤਾ। ਮੈਂਬਰਾਂ



www.AKJ.Org

ਨੇ ਜਿਹੜਾ ਸੰਕਲਪ ਲਿਆ ਉਹ ਇਸ ਪ੍ਰਕਾਰ ਹੈ:—
ਭਾਰਤੀ ਜਨਤਾ ਦੇ ਨਵੇਂ ਚੁਣੇ ਪ੍ਰਤੀਨਿਧ ਅਸੀਂ ਲੋਕ ਜਿਹੜੇ ਮਹਾਤਮਾ ਗਾਂਧੀ ਦੀ ਸਮਾਧੀ ਤੇ ਇਕੱਠੇ ਹੋਏ ਹਾਂ, ਉਹਨਾਂ ਤੋਂ ਪ੍ਰੇਰਨਾ ਲੈਂਦੇ ਹਾਂ ਅਤੇ ਸਚੇ ਦਿਲ ਨਾਲ ਇਹ ਪ੍ਰਣ ਲੈਂਦੇ ਹਾਂ—

੧. ਮਹਾਤਮਾ ਗਾਂਧੀ ਨੇ ਜਿਸ ਕੰਮ ਨੂੰ ਸ਼ੁਰੂ ਕੀਤਾ ਉਸ ਨੂੰ ਪੂਰਾ ਕਰਾਂਗੇ।

੨. ਅਸੀਂ ਆਪਣੇ ਦੇਸ਼-ਵਾਸੀਆਂ ਦੀ ਸੇਵਾ ਕਰ ਰਹੇ ਅਤੇ ਆਮ ਜਨਤਾ ਦੇ ਭਲੇ ਲਈ ਆਪਣੇ ਨੂੰ ਅਰਪਤ ਕਰਾਂਗੇ।

੩. ਅਜ਼ਾਦ ਭਾਰਤ ਦੇ ਲੋਕਾਂ ਦੇ ਜੀਵਨ ਅਤੇ ਆਜ਼ਾਦੀ ਬਾਰੇ ਨਾ ਤੋੜੇ ਜਾਣ ਵਾਲੇ ਅਧਿਕਾਰਾਂ ਦੀ ਰਾਖੀ ਕਰਾਂਗੇ।

੪. ਅਸੀਂ ਤਿਆਗ ਦੀ ਭਾਵਨਾ ਨਾਲ ਕੌਮੀ ਏਕਤਾ ਅਤੇ ਬਰਾਬਰੀ ਨੂੰ ਵਧਾਵਾਂਗੇ ਅਤੇ ਉਹਨਾਂ ਦੀ ਸ਼ਖ਼ਸੀਅਤ ਤੇ ਕਰਤਵ ਨੇ ਜਿਹੜੀ ਦਿਸ਼ਾ ਦਿਖਾਈ ਹੈ ਉਸ ਬਾਰੇ ਨਿਸਚੇ ਨਾਲ ਅਗੇ ਵਧਾਂਗੇ।

੫. ਨਿਜੀ ਅਤੇ ਸਰਵ-ਜਨਕ ਜੀਵਨ ਵਿਚ ਸਾਦਗੀ ਤੇ ਇਮਾਨਦਾਰੀ ਨਾਲ ਕੰਮ ਲਵਾਂਗੇ। ਸਾਡੀ ਅਰਦਾਸ ਹੈ ਕਿ ਗਾਂਧੀ ਜੀ ਦੀ ਅਸ਼ੀਰਵਾਦ ਸਾਡੀ ਰਹਿਨੁਮ ਈ ਕਰੇ।

ਇਸ ਖ਼ਬਰ ਨੂੰ ਉਛਾਲਣਾ ਭੰਡੀ-ਪਰਚਾਰ ਹੈ। ਇਸ ਨੂੰ ਪੀ ਜਾਣਾ ਵੀ ਕਾਇਰਤਾ ਹੈ। ਸੋ ਇਸ ਨੂੰ ਵਿਚਾਰ ਵਿਚ ਲਿਆਉਣਾ ਹੀ ਉਚਿਤ ਹੈ। ਇਸ ਦਾ ਇਹ ਭਾਵ ਨਹੀਂ ਕਿ ਇਸ ਬਾਰੇ ਚਰਚਾ ਕਰਨੀ ਅਕਾਲੀ ਦਲ ਦਾ ਵਿਰੋਧ ਕਰਨਾ ਹੈ। ਅਸਲ ਵਿਚ ਸਜਣ ਉਹੋ ਹੀ ਹੁੰਦਾ ਹੈ ਜਿਹੜਾ ਹਿਤ ਭਰੀ ਗੱਲ ਕਰਨੋਂ ਸੰਕੋਚ ਨਾ ਕਰੇ, ਭਾਵੇਂ ਉਸ ਨੂੰ ਇਸ ਵਜੋਂ ਨਿਜੀ ਤੌਰ ਤੇ ਮੁਸ਼ਕਲ ਦਾ ਸਾਮ੍ਹਣਾ ਕਰਨਾ ਪਵੇ। ਕਾਂਗਰਸ ਦੇ ਪਤਨ ਦੇ ਕਾਰਨ ਇਹੋ ਸਿਧ ਹੋਏ ਹਨ ਕਿ ਕਿਸੇ ਨੇ ਗਲਤ ਨੂੰ ਗਲਤ ਕਹਿਣ ਦੀ ਜੁੱਰਤ ਨਹੀਂ ਕੀਤੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੂੰ ਵਿਚਾਰ ਕਰ ਕੇ ਨਿਰਣਾ ਕਰਨਾ ਚਾਹੀਦਾ ਹੈ ਕਿ—

(ੳ) ਕੀ ਕਿਸੇ ਸਿਖ ਦਾ ਭਾਵੇਂ ਉਹ ਸਾਧਾ-ਰਨ ਵਿਅਕਤੀ ਹੋਵੇ ਜਾਂ ਕੋਈ ਲੀਡਰ; ਕਿਸੇ ਸਮਾਧੀ ਜਾਂ ਬੁੱਤ ਮੂਹਰੇ ਪ੍ਰਣ ਲੈਣਾ ਜਾਂ ਸਿਰ ਨਿਵਾਉਣਾ ਸਿਖੀ ਦੇ ਅਨਕੂਲ ਹੈ ਜਾਂ ਪ੍ਰਤਿਕੂਲ ? (ਅ) ਕੀ ਸਿਖ ਦਾ ਰਾਸ਼ਟਰ ਪਿਤਾ ਗੁਰੂ ਗੋਬਿੰਦ ਸਿੰਘ ਤੋਂ ਛੁਟ ਕੋਈ ਹੋਰ ਵਿਅਕਤੀ ਹੋ ਸਕਦਾ ਹੈ ?

## ਹਰਿਆਣਾ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਰੇਸ਼ਮ ਸਿੰਘ ਜੀ ਰਤਨ ਇਤਲਾਹ ਦਿੰਦੇ ਹਨ ਕਿ ਹਰਿਆਣਾ (ਜ਼ਿਲਾ ਹੁਸ਼ਿਆਰਪੁਰ) ਗੁਰਦਵਾਰਾ ਸਾਹਿਬ ਮਹੱਲਾ ਰਣਕਾ ਵਿਖੇ ੨੮ ਮਈ ੧੯੭੭ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਅਖੰਡ ਕੀਰਤਨੀ ਜੱਥਾ ਹੁਸਿਆਰ-ਪੁਰ ਦੇ ਸਹਿਯੋਗ ਨਾਲ ਇਹ ਸਮਾਗਮ ਹੋ ਰਹੇ ਹਨ।

ਨੋਟ—ਹਰਿਆਣਾ ਪਿੰਡ ਹੁਸ਼ਿਆਰ ਪੁਰ ਦਸੂਹਾ ਰੋਡ ਉਪਰ, ਹੁਸ਼ਿਆਰਪੁਰ ਤੋਂ ੧੪ ਕਿਲੋਮੀਟਰ ਹੈ।

## ਅੰਬਾਲਾ ਛਾਉਣੀ ਵਿਖੇ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ

ਭਾਈ ਦੁਰਲਭ ਸਿੰਘ ਜੀ ੨੪੧੬-ਡੀ.ਸੀ. ਰੋਡ, ਅੰਬਾਲਾ ਛਾਉਣੀ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਵਿਖੇ ਸ਼ਨੀਵਾਰ ੨੮ ਮਈ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ, ਜਿਸ ਵਿਚ ਅਖੰਡ ਕੀਰਤਨੀ ਜਥੇ ਦੇ ਉਘੇ ਕੀਰਤਨੀਏ ਹਾਜ਼ਰੀਆਂ ਭਰ ਰਹੇ ਹਨ। ਰੈਣ ਸਬਾਈ ਦੇ ਭੋਗ ਐਤਵਾਰ ਸਵੇਰੇ ਸਤ ਵਜੇ ਪੈਣਗੇ। ਸਮੂਹ ਸੰਗਤਾਂ ਦਰਸ਼ਨ ਦੀਦਾਰ ਬਖਸ਼ ਕੇ ਸੇਵਕਾਂ ਨੂੰ ਖੁਸ਼ੀਆਂ ਬਖ਼ਸ਼ਣ ਅਤੇ ਹਰਿ ਜਸ ਦੇ ਲਾਹੇ ਲੈ ਕੇ ਜਨਮ ਸਫਲਾ ਕਰਨ।



www.AKJ.Org

# ਬੁਰਾਈਆਂ ਦੀ ਜੜ੍ਹ ਸ਼ਰਾਬ

[ ਵਲੋਂ :—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ) ]

'ਸ਼ਰਾਬ' ਜਿਸ ਨੂੰ ਪੁਰਾਤਨ ਬਜ਼ੁਰਗ 'ਖ਼ਾਨਾ ਖ਼ਰਾਬ' ਕਹਿ ਕੇ ਸੰਬੋਧਨ ਕਰਦੇ ਹਨ, ਸਾਰੀਆਂ ਬਦੀਆਂ ਬੁਰਾਈਆਂ ਦਾ ਮੂਲ ਕਾਰਨ ਹੈ। ਇਸ ਦੇ ਸਿੱਧੇ ਅਰਥ ਹਨ :—

ਸ਼ਰ=ਸ਼ਰਾਰਤ, ਝਗੜੇ, ਝੇੜੇ, ਦੰਗੇ ਫਸਾਦ। ਆਬ=ਫ਼ਾਰਸੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਪਾਣੀ'। ਇਸ ਦਾ ਅਰਥ ਬਣ ਜਾਂਦਾ ਹੈ 'ਸ਼ਰਾਰਤ ਦਾ ਪਾਣੀ'।

ਡਾਕਟਰਾਂ ਦੀ ਰਾਏ ਅਨੁਸਾਰ ਸ਼ਰਾਬ (Alcohal) ਵੀ ਨਬੋਰੋ ਫ਼ਾਰਮ ਵਰਗੀ ਇਕ ਜ਼ਹਿਰ ਹੈ, ਜੋ ਪੀਣ ਵਾਲੇ ਦੇ ਦਿਮਾਗ਼ ਤੇ ਸਿੱਧਾ ਅਸਰ ਕਰਦੀ ਹੈ। ਦਿਲ ਧੜਕਣ ਦਾ ਰੋਗ ਵਧੇਰੇ ਇਸ ਦੇ ਪੀਣ ਕਰਕੇ ਹੀ ਹੁੰਦਾ ਹੈ। ਹੋਰ ਨਸ਼ੇ ਵਾਲੀਆਂ ਵਸਤੂਆਂ ਦੀ ਤਰ੍ਹਾਂ ਇਹ ਵੀ ਸਰੀਰ ਦੇ ਖ਼ੂਨ-ਚੱਕਰ (Blood circulation system) ਵਿਚ ਛੇਤੀ ਜਜ਼ਬ ਹੋ ਕੇ ਮਨੁੱਖ ਨੂੰ ਇਸਦਾ ਆਦੀ ਬਣਾ ਦੇਂਦੀ ਹੈ ਤੇ ਸਰੀਰ ਦੇ ਹਰ ਸੈੱਲਾਂ (ਅੰਗਾਂ) ਉਤੇ ਮਾਰੂ ਅਸਰ ਕਰਦੀ ਹੈ। ਦਿਮਾਗ਼ ਤੇ ਇਸਦਾ ਅਸਰ ਸਭ ਤੋਂ ਵਧ ਹੁੰਦਾ ਹੈ। ਅਖਾਣ ਹੈ ਕਿ 'ਸ਼ਰਾਬ ਜਿਸ ਦੇ ਅੰਦਰ ਜਾਂਦੀ ਹੈ ਉਸ ਦੀ ਅਕਲ ਬਾਹਰ ਆ ਜਾਂਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਸ਼ਰਾਬੀ ਦੀਆਂ ਟੰਗਾਂ ਨਾਲੋਂ ਦਿਮਾਗ਼ ਪਹਿਲਾਂ ਲੜਖੜਾਂਦਾ ਹੈ। ਉਹ ਊਲ ਜਲੂਲ ਬਕਦਾ, ਚਾਂਘਰਾਂ ਮਾਰਦਾ, ਆਵਾਜ਼ੇ ਕਸਦ ਆਪੇ ਤੋਂ ਬਾਹਰ ਹੋਇਆ ਹੁੰਦਾ ਹੈ।

ਸ਼ਰਾਬੀ ਮਨੁੱਖ ਧਾਰਮਕ, ਸਮਾਜਕ, ਆਰਥਕ, ਰਾਜਨੀਤਕ, ਅਰਥਾਤ ਹਰ ਪੱਖ ਤੋਂ ਗਿਰਾਵਟ ਦਾ ਸ਼ਿਕਾਰ ਹੋ ਜਾਂਦਾ ਹੈ। ਸਰੀਰਕ ਰੋਗ ਸਹੇੜ ਲੈਣ ਦੇ ਨਾਲ ਨਾਲ ਧਨ ਧਾਮ ਦੀ ਬਰਬਾਦੀ ਵੀ ਸੁਤ ਸਿਧ ਹੁੰਦੀ ਰਹਿੰਦੀ ਹੈ। ਸ਼ਰਾਬੀਆਂ ਦਾ ਕਹਿਣਾ ਹੈ ਕਿ ਅਸੀਂ ਪਹਿਲਾਂ ਆਪਣਾ ਘਰ ਫੂਕਦੇ ਹਾਂ ਤੇ ਜਦੋਂ ਅੱਗ ਹੋਰਨਾਂ ਦੇ ਘਰ ਨੂੰ ਲਗਦੀ ਹੈ ਤਾਂ ਤਮਾਸ਼ਾ ਵੇਖਦੇ ਹਾਂ, ਭਾਵ ਪਹਿਲੇ ਪਲਿਓਂ ਖਰਚ ਕਰ ਕੇ ਦੂਜਿਆਂ ਨੂੰ ਪੀਣ ਦਾ ਆਦੀ ਬਣਾਂਦੇ ਹਾਂ ਤੇ ਜਦ ਉਹ ਆਦੀ ਬਣ ਕੇ ਆਪਣਾ ਝੁੱਗਾ ਚੌੜ ਕਰਦੇ ਹਨ ਤਾਂ ਸਾਨੂੰ ਪ੍ਰਸੰਨਤਾ ਹੁੰਦੀ ਹੈ।

## *ਸ਼ਰਾਬ ਦੀ ਵਰਤੋਂ ਕਿੰਨੀ ਹਾਨੀਕਾਰਕ ਹੈ?*

ਕੁਝ ਅੰਕੜੇ ਜੋ ਮਾਸਕ ਪਤ੍ਰ 'ਸੂਰਾ' ਅੰਮ੍ਰਿਤਸਰ ਵਿਚ ਛਪੇ—

(ੳ) ਅਮਰੀਕਾ ਵਿਚ ਇਕ ਸਾਲ ਅੰਦਰ ਡਰਾਈਵਰਾਂ ਨੇ ਦਸ ਹਜ਼ਾਰ ਤੋਂ ਵਧ ਬੰਦੇ ਜ਼ਖਮੀ ਕੀਤੇ ਸਨ।

(ਅ) ਸ਼ਰਾਬ ਤੋਂ ਪੈਦਾ ਹੋਈ ਮੁਲਾਜ਼ਮਾਂ ਦੀ ਗ਼ੈਰ-ਹਾਜ਼ਰੀ ਕਾਰਨ ਸਰਕਾਰ ਦੇ ਚੌਦ੍ਹਾਂ ਅਰਬ ਰੁਪਏ ਵਾਧੂ ਖ਼ਰਚ ਹੁੰਦੇ ਹਨ।

ਭਾਰਤ ਵਿਚ ਬਣੀ ਤਿੰਨ ਮੈਂਬਰੀ ਕਮੇਟੀ (ਨਸ਼ਿਆਂ ਦੀ ਪੜਤਾਲ ਕਰਨ ਵਾਲੀ) ਜਿਸਦੇ ਮੁਖੀ ਜਸਟਿਸ ਟੇਕ ਚੰਦ ਜੀ ਸਨ, ਉਨ੍ਹਾਂ ਨੇ ੨੪੦੦ ਸਫ਼ੇ ਦੀ ਰਪੋਟ ਵਿਚ ਹੇਠ ਲਿਖੇ ਅੰਕੜੇ ਦਸੇ :

੭੧ ਫ਼ੀ ਸਦੀ ਉਹ ਮਨੁਖ ਹਨ ਜੋ ਸ਼ਰਾਬ ਪੀ ਕੇ ਦੁਰਘਟਨਾਵਾਂ ਕਰਨ ਲਈ ਤਿਆਰ ਸਨ ਤੇ ਹੁਣ ਹਿਰਾਸਤ ਵਿਚ ਲੀਤੇ ਹੋਏ ਹਨ।

੬੦ ਫੀ ਸਦੀ ਵਿਭਚਾਰੀ ਸ਼ਰਾਬੀ ਹੁੰਦੇ ਹਨ। ੬੫ ਫ਼ੀ ਸਦੀ ਚੋਰੀ ਦਾ ਪੇਸ਼ਾ ਕਰਨ ਵਾਲੇ, '੭੪ ਫ਼ੀ ਸਦੀ ਡਾਕੇ ਮਾਰਨ ਵਾਲੇ, ੭੦ ਫ਼ੀ ਸਦੀ ਸੰਨ੍ਹਾਂ ਲਾਣ ਵਾਲੇ, ੮੩ ਫ਼ੀ ਸਦੀ ਦੰਗੇ ਫ਼ਸਾਦਾਂ ਵਿਚ ਫਟੜ ਹੋਣ ਵਾਲੇ, ੮੫ ਫ਼ੀ ਸਦੀ ਬੰਦੂਕਾਂ ਪਿਸਤੌਲਾਂ ਦੀ ਅਯੋਗ ਵਰਤੋਂ ਕਾਰਨ ਫਟੜ ਹੋਣ ਜਾਂ ਕਰਨ ਵਾਲੇ, ੬੩ ਫ਼ੀ ਸਦੀ ਤੇਜ਼ ਧਾਰ ਹਥਿਆਰਾਂ ਦੀ ਵਰਤੋਂ ਕਾਰਨ ਜ਼ਖਮੀ ਹੋਣ ਵਾਲੇ, ੬੦ ਫ਼ੀ ਸਦੀ ਸ਼ਰਾਬੀ ਮਾਤਾ ਪਿਤਾ, ਜੋ ਬੱਚਿਆਂ ਦੇ ਪਾਲਣ ਪੋਸਣ ਪੜ੍ਹਾਈ ਆਦਿ ਵਲ ਯੋਗ ਧਿਆਨ ਨਹੀਂ ਦੇਂਦੇ ਤੇ ਉਨ੍ਹਾਂ ਦੇ ਬੱਚੇ ਅਵਾਰਾ ਫਿਰਦੇ ਹੋਏ ਐਬ ਕਰਦੇ ਹਨ।

['ਸੂਰਾ' ਜੁਲਾਈ ੧੯੭੬

ਇਹ ਇਕ ਅਟੱਲ ਸਚਾਈ ਹੈ ਕਿ ਇਸ



www.AKJ.Org

ਤ੍ਰਕਾਏ ਹੋਏ ਅੰਗੂਰਾਂ ਦੇ ਬੋ-ਦਾਰ ਪਾਣੀ ਨੇ ਭਾਰਤ-ਵਾਸੀਆਂ ਦੀ ਅਕਲ ਤੇ ਪੜ੍ਹਦਾ ਪਾ ਦਿਤਾ ਹੈ। ਇਸ ਪਾਣੀ ਨੂੰ ਬਨਾਵਟੀ ਰੰਗਾਂ ਨਾਲ ਰੰਗੀਨ ਬਣਾ ਬਣਾ ਕੇ ਤੇ ਬੋਤਲਾਂ ਉਤੇ ਸੋਹਣੇ ਵੰਨ ਸਵੰਨੇ ਅਨੇਕਾਂ ਨਾਵਾਂ ਦੇ ਲੇਬਲ ਲਾ ਕੇ ਠੇਕੇਦਾਰ ਲੋਗ ਜਨਤਾ ਦੀ ਦੇਹ ਅਰੋਗਤਾ ਦਾ ਉਜਾੜਾ ਕਰ ਰਹੇ ਹਨ ਅਤੇ ਸਰਕਾਰ ਥਾਂ ਥਾਂ ਤੇ ਠੇਕੇ ਖੋਲ੍ਹਣ ਦੀ ਆਗਿਆ ਦੇ ਕੇ ਉਨ੍ਹਾਂ ਨੂੰ ਹੋਰ ਬਲ ਦੇ ਰਹੀ ਹੈ।

ਸਮੇ ਦੀ ਮੰਗ ਤਾਂ ਇਹ ਹੈ ਕਿ ਅਖ਼ਬਾਰਾਂ, ਰਸਾਲਿਆਂ, ਟਰੈਕਟਾਂ ਆਦਿ ਪ੍ਰੈਸ ਪਲੇਟ ਫ਼ਾਰਮ ਦੁਆਰਾ ਜਨਤਾ ਨੂੰ ਇਸ ਦੇ ਪੀਣ ਤੋਂ ਪੁਜਣ ਵਾਲੀਆਂ ਹਾਨੀਆਂ ਤੋਂ ਸੁਚੇਤ ਕੀਤਾ ਜਾਵੇ ਤਾਕਿ ਆਉਣ ਵਾਲੀ ਨਸਲ ਇਸ ਖ਼ਾਨਾ-ਖ਼ਰਾਬ ਦੇ ਵਿਹੁਲੇ ਅਸਰ ਤੋਂ ਬਚ ਸਕੇ ਅਤੇ ਯੁਵਕ ਸਿਹਤਮੰਦ, ਅਰੋਗ ਰਹਿੰਦੇ ਹੋਏ ਦੇਸ਼ ਦੀ ਖ਼ੁਸ਼ਹਾਲ਼ੀ ਦੇ ਜ਼ਾਮਨ ਬਣ ਸਕਣ।

ਭਾਰਤ ਦੇਸ਼ ਦੇ ਵਾਸੀਆਂ ਨੂੰ ਮਨੁੱਖੀ ਭਲਾਈ ਦੇ ਚਾਹਵਾਨ ਡਾਕਟਰ ਮਹਿੰਦਰ ਸਿੰਘ ਜੀ ਪਟਿਆਲਾ ਨੇ ਹੇਠਾਂ ਦਸੀ ਪ੍ਰੇਰਨਾ ਦਿਤੀ ਹੈ :—

(ੳ) ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਕੀਮਤੀ ਅੰਗ ਜਿਗਰ, ਖਰਾਬ ਨਾ ਹੋਵੇ ਤਾਂ ਸ਼ਰਾਬ ਨਾ ਪੀਓ।

(ਅ) ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਦਿਲ ਦਿਮਾਗ ਕਮਜ਼ੋਰ ਨਾ ਹੋਵੇਂ ਤਾਂ ਸ਼ਰਾਬ ਨਾ ਪੀਓ।

(ੲ) ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਦਿਲ ਦੀ ਬੀਮਾਰੀ ਨਾ ਹੋਵੇ ਤਾਂ ਸ਼ਰਾਬ ਨਾ ਪੀਓ।

(ਸ) ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਔਲਾਦ ਸਿਹਤਮੰਦ ਹੋਵੇ ਤੇ ਨੇਕੀ ਦੇ ਰਾਹ ਤੇ ਟੁਰੇ ਤਾਂ ਸ਼ਰਾਬ ਨਾ ਪੀਓ।

(ਹ) ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਘਰ ਵਿਚ ਖੇੜੇ ਤੇ ਖ਼ੁਸ਼ੀ ਦਾ ਵਾਸਾ ਹੋਵੇ ਤਾਂ ਸ਼ਰਾਬ ਨੂੰ ਘਰ ਦੀ ਚਾਰ-ਦੀਵਾਰੀ ਵਿਚ ਨਾ ਵੜਨ ਦਿਉ।

ਇਕ ਉਰਦੂ ਦੇ ਸ਼ਾਇਰ ਨੇ ਇਸ ਵਿਹੁਲੇ ਜਾਮ ਸੰਬੰਧੀ ਇਹ ਸ਼ੇਅਰ ਕਲਮ-ਬੰਦ ਕੀਤੇ ਹਨ—

ਸ਼ੀਸ਼ੇ ਮੇਂ ਯਿਹ ਪਰੀ ਹੈ ਲੇਕਨ ਨਾਗ ਸੇ ਕਮ ਨਹੀਂ।
ਸ਼ਕਲ ਪਾਨੀ ਕੀ ਹੈ ਲੇਕਨ ਆਗ ਸੇ ਕਮ ਨਹੀਂ।

ਉਹ ਇਸ ਦਾ ਆਦੀ ਬਣਨ ਨਾਲੋਂ ਭਿਆਨਕ ਰੋਗਾਂ ਨੂੰ ਸਹੇੜ ਲੈਣਾ ਚੰਗਾ ਸਮਝਦਾ ਹੈ :—

ਸਿਲ ਹੋ, ਦਿਕ ਹੋ, ਬੁਖ਼ਾਰ ਹੋ,
ਚਾਹੇ ਕਿਤਨਾ ਜਾਨਿ ਅਜ਼ਾਬ ਹੋ।
ਮਗਰ ਐ ਖ਼ੁਦਾਏ ਦੋ ਜਹਾਂ,
ਕਿਸੀ ਕੋ ਨ ਸ਼ੌਕਿ ਸ਼ਰਾਬ ਹੋ।

## ਧਰਮ ਸ਼ਾਸਤ੍ਰਾਂ ਵਿਚ ਸ਼ਰਾਬ ਸਬੰਧੀ ਵੀਚਾਰ—

ਸੰਸਾਰ ਦੇ ਕਿਸੇ ਵੀ ਧਰਮ ਆਗੂ ਨੇ ਆਪਣੇ ਅਨੁਯਾਈਆਂ ਨੂੰ ਸ਼ਰਾਬ ਪੀਣ ਦੀ ਖੁਲ੍ਹ ਨਹੀਂ ਦਿਤੀ। ਇਹ ਅਪਵਿੱਤਰ ਪਾਣੀ ਕਿਸੇ ਧਰਮ ਮੰਦਰ, ਗੁਰਦੁਆਰੇ, ਮਸਜਿੱਦ, ਸ਼ਿਵਾਲੇ, ਗਿਰਜਾ-ਘਰ ਆਦਿ ਵਿਚ ਨਹੀਂ ਜਾ ਸਕਦਾ।

ਬਾਈਬਲ ਵਿਚ ਇਸ ਨੂੰ ਸ਼ੈਤਾਨ ਦਾ ਪਾਣੀ ਲਿਖਿਆ ਹੈ। ਇਸਲਾਮ ਦੇ ਧਾਰਮਕ ਗ੍ਰੰਥ ਹਦੀਸ ਵਿਚ ਇਸ ਨੂੰ ਮਕਰੂਹ (ਹਰਾਮ) ਗਿਣਿਆ ਗਿਆ ਹੈ।

ਹਿੰਦੂ ਧਰਮ ਵਿਚ ਸ਼ਰਾਬ ਪੀਣੀ ਮਹਾਂ ਪਾਪ ਹੈ ਤੇ ਪੀਣ ਵਾਲੇ ਦੇ ਕੀਤੇ ਹੋਏ ਚੰਗੇ ਕਰਮ ਜਪ ਤਪ, ਧਰਮ ਕਰਮ, ਪੂਜਾ ਪਾਠ, ਦਾਨ- ਇਸ਼ਨਾਨ ਸਭ ਨਿਸਫਲ ਜਾਂਦੇ ਹਨ।

ਗੁਰਮਤਿ ਭਾਵ ਸਿੱਖ ਧਰਮ ਦੀ ਥੀਊਰੀ ਅਨੁਸਾਰ ਵੀ ਤੰਬਾਕੂ ਵਾਂਗ ਸ਼ਰਾਬ ਪੀਣੀ ਵਿਵਰਜਿਤ ਹੈ। ਗੁਰਬਾਣੀ ਵਿਚੋਂ ਕੁਝ ਉਦਾਹਰਨਾਂ ਹਨ —

ਇਤਿ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥ [ਵਾਰ ਬਿਹਾਗੜਾ, ਪੰਨਾ ੫੫੩

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ



www.AKJ.Org

ਵਸਾਇ ॥ [ਵਾਰ ਬਿਹਾਗੜਾ, ਪੰਨਾ ੪੫੪

ਪਰ ਨਾਰੀ ਜੂਆ, ਅਸਤ ਚੋਰੀ ਮਦਿਰਾ ਜਾਨ ॥ ਪਾਂਚੇ ਐਬ ਏਹ ਜਗਤੁ ਕੇ ਤਜੈ ਸੁ ਸਿੰਘ ਸੁਜਾਨ ॥

[ਰਹਿਤਨਾਮਾ ਭਾਈ ਦੇਸਾ ਸਿੰਘ ਜੀ

ਗੁਰੂ ਕਾ ਸਿਖ ਸ਼ਰਾਬ ਕਦੀ ਨਾ ਪੀਵੈ ॥

[ਰਹਿਤਨਾਮਾ ਭਾਈ ਚੌਂਪਾ ਸਿੰਘ ਜੀ

ਹਰ ਧਰਮ ਵਿਚ ਸ਼ਰਾਬ ਦੀ ਇਤਨੀ ਮਨਾਹੀ ਹੁੰਦਿਆਂ ਹੋਇਆਂ ਇਹ ਹਾਲ ਹੈ ਕਿ ਪਾਣੀ ਵਾਂਗ ਸ਼ਰਾਬ ਦੀ ਵਰਤੋਂ ਹੋ ਰਹੀ ਹੈ। ਵਿਆਹ ਏਸ ਲਾਲ ਪਰੀ ਤੋਂ ਬਗੈਰ ਪਰਵਾਨ ਚੜ੍ਹੇ ਹੀ ਨਹੀਂ ਸਮਝੇ ਜਾਂਦੇ, ਦੁਨੀਆ ਹੋਰ ਅਗਾਂਹ-ਵਧੂ ਅਖਵਾਂਦੀ ਹੋਈ ਹਰ ਛੋਟੇ ਵਡੇ ਕਾਰਜ ਸਮੇਂ ਆਧਾਰ-ਸ਼ਿਲਾ ਹੀ ਰੰਗਲੇ ਜਾਮ ਨਾਲ ਰਖ ਕੇ ਖੁਸ਼ੀ ਮਹਿਸੂਸ ਕਰਦੀ ਹੈ । ਪੁੱਤਰ ਜੰਮੇ, ਧੀ ਜੰਮੇ, ਆਏ ਗਏ ਨੂੰ ਸ਼ਰਾਬ । ਮਾਂ ਪਿਉ ਦੀ ਬੀਮਾਰ-ਪੁਰਸ਼ੀ ਲਈ ਵੀ ਆਏ ਗਏ ਦੀ ਆਉ ਭਗਤ ਲਈ ਵੀ ਸ਼ਰਾਬ ਤੋਂ ਬਿਨਾਂ ਹੋਰ ਕੋਈ ਸ਼ੈ ਸੰਸਾਰ ਵਿਚ ਨਹੀਂ ਰਹਿ ਗਈ। ਪਿਕਨਿਕਾਂ ਦੀ ਗੱਲ ਤਾਂ ਇਕ ਪਾਸੇ, ਸਧਾਰਨ ਮੀਟਿੰਗਾਂ ਵੀ ਬਲੌਰੀ ਜਾਮ ਤੋਂ ਬਗ਼ੈਰ ਬੇ-ਰੌਣਕ ਸਮਝੀਆਂ ਜਾਂਦੀਆਂ ਹਨ । ਪੰਜਾਬੀ ਅਖੌਤ ਅਨੁਸਾਰ 'ਮੂੰਹ ਤੋਂ ਲੱਥੀ ਲੋਈ ਤੇ ਕੀ ਕਰੇਗਾ ਕੋਈ' ਮਾਤਾ ਪਿਤਾ, ਪੁੱਤਰ, ਧੀਆਂ, ਨੂੰਹਾਂ ਕੱਠੇ ਬੈਠਕੇ ਸਰੂਰ ਪ੍ਰਾਪਤ ਕਰਦੇ ਹਨ। ਸਚ ਹੈ, 'ਇਕ ਹੋਵੇ ਭੈੜਾ ਤੇ ਸਮਝਾਏ ਵੇਹੜਾ, ਜੇ ਵੇਹੜਾ ਹੋਵੇ ਭੈੜਾ ਤਾਂ ਸਮਝਾਏ ਕੇਹੜਾ ?' ਹੁਣ ਤਾਂ ਇਹ ਗੱਲ ਬਣੀ ਪਈ ਹੈ, 'ਇਕ ਨੂੰ ਕੀ ਰੋਨੀ ਏਂ, ਊਤ ਗਿਆ ਈ ਆਵਾ' ।

ਆਉ ! ਜ਼ਰਾ ਆਪਣੀ ਸਿਖ ਕੌਮ ਵਲ ਨਜ਼ਰ ਮਾਰੀਏ—ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਵੰਸ਼ ਦੇ ਖ਼ੂਨ ਨਾਲ ਇਸ ਸਿਖੀ ਦੇ ਬੂਟੇ ਨੂੰ ਪਾਲ ਪੋਸ ਕੇ ਵੱਡਾ ਕੀਤਾ ਸੀ। ਲੋੜ ਤਾਂ ਸੀ ਇਸ ਨੂੰ ਖੰਡੇ ਧਾਰ ਪਾਹੁਲ ਨਾਲ ਸਿੰਜਾਈ ਕਰਕੇ ਘਣ-ਛਾਵਾਂ ਬਣਾਣ ਦੀ, ਪਰ ਇਸ ਕੌਮ ਦੇ ਨੌ-ਨਿਹਾਲ ਆਪਣੀ ਹਥੀਂ ਇਸ ਨੂੰ ਛਾਂਗਣ ਲਈ ਤਿਆਰ ਹੋ ਗਏ ਹਨ ।

ਅੰਮ੍ਰਿਤਧਾਰੀ ਸਿੰਘਾਂ ਦਾ ਸ਼ਰਾਬਾਂ ਪੀ ਪੀ ਕੇ ਗਲੀਆਂ ਨਾਲੀਆਂ ਵਿਚ ਬਦ-ਮਸਤ ਤੇ ਬੇਹੋਸ਼ ਹੋ ਕੇ ਪਿਆ ਹੋਣਾ, ਸਿਖੀ ਦੇ ਗੁਲਜ਼ਾਰ ਨੂੰ ਉਜਾੜਨ ਤੁੱਲ ਨਹੀਂ ਤਾਂ ਹੋਰ ਕੀ ਹੈ ? ਐਸੀਆਂ ਘਟਨਾਵਾਂ ਰੋਜ਼ ਹੁੰਦੀਆਂ ਵੇਖ ਵੇਖ ਕੇ ਅੰਦਰਲੇ ਵਿਚੋਂ ਬੇ-ਅਖ਼ਤਿਆਰ ਇਹ ਜੋਦੜੀ ਨਿਕਲਦੀ ਹੈ, "ਹੇ ਕਲਗੀਧਰ ਪਾਤਸ਼ਾਹ ਜੀਉ ! ਆਪ ਹੀ ਆਪਣੇ ਸਿਖਾਂ ਨੂੰ ਸੁਮਤਿ ਬਖ਼ਸ਼ੋ, ਕੁਕਰਮਾਂ ਤੋਂ ਵਰਜ ਕੇ ਰਖੋ ਤੇ 'ਗੁਰਮਤਿ ਗਾਡੀ ਰਾਹ' ਤੇ ਤੁਰਨ ਦੀ ਪ੍ਰੇਰਨਾ ਕਰੋ ।"

ਇਹ ਵੀ ਅਤਿ-ਕਥਨੀ ਨਹੀਂ ਕਿ ਅਜ ਕਲ੍ਹ ਦੇ ਸਿੰਘ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਲੇ ਇਸ ਦੇ ਜ਼ਿਆਦਾ ਪਿਆਕ ਬਣਦੇ ਜਾ ਰਹੇ ਹਨ । ਅੰਮ੍ਰਿਤ ਪਾਨ ਕਰਕੇ ਸਿੰਘ ਸ਼ਰਾਬ ਦੀ ਵਰਤੋਂ ਕਰਦੇ ਹਨ ਤੇ ਜੇਕਰ ਸਮਝਾਇਆ ਜਾਵੇ ਤਾਂ ਅਗੋਂ ਹੁੱਜਤਾਂ ਘੜਦੇ ਤੇ ਵੋਕਟ ਦਲੀਲਾਂ ਦੇਂਦੇ ਹੋਏ ਆਖਦੇ ਹਨ ਕਿ ਸ਼ਰਾਬ ਪੀਣਾ ਕੁਰਹਿਤਾਂ ਵਿਚ ਸ਼ਾਮਲ ਨਹੀਂ। ਜੇਕਰ ਅਸੀਂ ਪਿਛਲੇ ਸਮੇਂ ਦੀ ਪੜਚੋਲ ਕਰੀਏ ਤਾਂ ਪਤਾ ਚਲਦਾ ਹੈ ਕਿ ਸ਼ਰਾਬ ਪੀਣ ਦਾ ਇਸ ਲਈ ਕੁਰਹਿਤਾਂ ਵਿਚ ਉਚੇਚੇ ਤੌਰ ਤੇ ਜ਼ਿਕਰ ਨਹੀਂ ਕਿ ਅਠ੍ਹਾਰਵੀਂ ਸਦੀ ਅਰਥਾਤ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇ ਸਿਖਾਂ ਵਿਚ ਸ਼ਰਾਬ ਦਾ ਨਾਂ ਤਕ ਨਹੀਂ ਸੀ । ਜਿਸ ਸ਼ਰਾਬ ਤੋਂ ਹਟਕਣ ਲਈ ਗੁਰੂ ਸਾਹਿਬਾਨ ਨੇ ਬਿਹਾਗੜੇ ਦੀ ਵਾਰ ਵਿਚ ਬਹੁਤ ਜ਼ਬਰਦਸਤ ਤਾੜਨਾ ਕੀਤੀ ਹੋਵੇ ਤੇ ਕਿਹਾ ਹੋਵੇ ਕਿ

---

## ਅੰਮ੍ਰਿਤਸਰ ਵਿਚ ਅਖੰਡ ਕੀਰਤਨ

ਭਾਈ ਬਹਾਦਰ ਸਿੰਘ ਜੀ ਐਸ. ਡੀ. ਓ. ਦੀ ਸਲਾਨਾ ਯਾਦ ਵਿਚ ਉਨ੍ਹਾਂ ਦੇ ਗ੍ਰਿਹ 89—ਅਜੀਤ ਨਗਰ ਅੰਮ੍ਰਿਤਸਰ ਵਿਖੇ 15 ਮਈ 1977 ਨੂੰ ਸਵੇਰੇ 5 ਵਜੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ 10 ਵਜੇ ਤਕ ਅਖੰਡ ਕੀਰਤਨ ਹੋਣਗੇ । ਭਾਈ ਬਹਾਦਰ ਸਿੰਘ ਜੀ ਅੰਮ੍ਰਿਤਸਰ ਅਖੰਡ ਕੀਰਤਨੀ ਜਥੇ ਦੇ ਗੁੜ੍ਹੇ ਅਣਥੱਕ ਸੇਵਕ ਸਨ । ਸਮੂਹ ਪਿਆਰੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ ।



www.AKJ.Org

ਜਿਸ ਸ਼ਰਾਬ ਪੀਣ ਨਾਲ ਮਤ ਮਾਰੀ ਜਾਂਦੀ ਹੈ, ਮਨੁੱਖ ਪਾਗਲ ਹੋ ਜਾਂਦਾ ਹੈ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਵਾਹਿਗੁਰੂ ਦੇ ਦਰੋਂ ਸਜ਼ਾ ਮਿਲਦੀ ਹੈ, ਇਹੋ ਜਿਹੀ ਭੈੜੀ ਚੀਜ਼ ਬਿਲਕੁਲ ਨਹੀਂ ਵਰਤਣੀ। ਜਿਸ ਸ਼ਰਾਬ ਦੀ ਮਨਾਹੀ ਲਈ ਪਹਿਲੇ ਗੁਰੂ ਸਾਹਿਬਾਨ ਨੇ ਇੰਨੀ ਭਾਰੀ ਹਦਾਇਤ ਕੀਤੀ ਹੋਵੇ, ਉਸ ਦਾ ਫਿਰ ਉਚੇਚੇ ਤੌਰ ਤੇ ਜ਼ਿਕਰ ਕਰਨ ਦੀ ਲੋੜ ਨਹੀਂ ਸੀ ਜਾਪਦੀ। ਜਿਹੜੀ ਐਬ ਵਾਲੀ ਸ਼ੈ ਦੀ ਵਰਤੋਂ ਹੋਵੇ ਹੀ ਨਾ, ਉਸ ਤੋਂ ਬਚਣ ਦੀ ਪ੍ਰੇਰਨਾ ਦੇਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਪਰ ਇਸ ਤਰ੍ਹਾਂ ਸ਼ਰਾਬ ਦੀ ਵਰਤੋਂ ਨੂੰ ਵਖਰੇ ਤੌਰ ਤੇ ਕੁਰਹਿਤਾਂ ਵਿਚ ਨਾ ਗਿਣੇ ਜਾਣ ਦਾ ਆਸਰਾ ਲੈਣਾ ਫੋਕਟ ਤੇ ਬੇ-ਅਰਥ ਦਲੀਲ ਹੈ। ਕੀ ਗੁਰਬਾਣੀ ਦੇ ਹੁਕਮਾਂ ਨੂੰ ਮੰਨਣਾ ਸਿਖਾਂ ਲਈ ਜ਼ਰੂਰੀ ਨਹੀਂ ? ਕੀ ਗੁਰਬਾਣੀ ਦੇ ਹੁਕਮ ਸਾਡੀ ਰਹਿਤ ਦਾ ਹਿੱਸਾ ਨਹੀਂ ? ਗੁਰਸਿਖਾਂ ਲਈ ਸਮੂੰਹ ਹੁਕਮਨਾਮਿਆਂ ਤੇ ਰਹਿਤ ਮਰਯਾਦਾ ਦੇ ਖਰੜਿਆਂ ਤੋਂ ਅਵਲ ਤਰੀਨ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਾਬ ਤੋਂ ਬਚਣ ਲਈ ਸਪਸ਼ਟ ਹੁਕਮ ਹੋਣ ਦੇ ਬਾਵਜੂਦ ਵੀ ਜੇ ਕੋਈ ਸਜਣ, ਸ਼ਰਾਬ ਪੀਣ ਦੇ ਹੱਕ ਵਿਚ ਹੁਜਤਾਂ ਡਾਈ ਜਾਣ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਖ ਨਹੀਂ, ਸਗੋਂ ਆਪਣੇ ਮਨ ਦੇ ਸਿਖ ਹਨ।

## ਸੁਝਾਅ—

ਇਸ ਚੰਦਰੀ ਬੀਮਾਰੀ ਨੂੰ ਰੋਕਣ ਲਈ ਵਡੀਆਂ ਵਡੀਆਂ ਧਾਰਮਿਕ ਸੰਸਥਾਵਾਂ, ਜਿੰਘ ਸਭਾਵਾਂ, ਸਿਖ ਸੋਸਾਇਟੀਆ ਅਤੇ ਪੰਥ ਦਰਦੀਆਂ ਨੂੰ ਚਾਹੀਦਾ ਹੈ ਕਿ (ਦਾਸ ਦੇ ਵਿਚਾਰ ਅਨੁਸਾਰ) ਸ਼ਰਾਬ ਪੀਣ ਨੂੰ ਤਮਾਕੂ ਦੇ ਨਾਲ ਹੀ ਕੁਰਹਿਤ ਕਰਾਰ ਦਿਤਾ ਜਾਵੇ ਤੇ ਪੀਣ ਵਾਲੇ ਨੂੰ ਪਤਿਤ ਸਮਝਿਆ ਜਾਵੇ। ਇਹੀ ਵਿਚਾਰ 'ਸੂਰਾ' ਮਾਸਕ ਪਤਰ ਸਤੰਬਰ ੧੯੭੪ ਵਿਚ ਭਾਈ ਅਮਰਜੀਤ ਸਿੰਘ ਡਰਾਫ਼ਸਮੈਨ ਨੇ ਵੀ ਆਪਣੇ ਲੇਖ ਵਿਚ ਸਪੱਸ਼ਟ ਕੀਤੀ ਹੈ। ਉਹਨਾਂ ਦੇ ਅਖਰ ਇਹ ਹਨ, "ਸ਼ਰਾਬ ਪੀਣ ਕਰਕੇ ਸਿੱਖ ਤਨਖ਼ਾਹੀਆ ਨਹੀਂ, ਸਗੋਂ ਉਸ ਤੋਂ ਵੱਧ ਸਜ਼ਾ ਦਾ ਹੱਕਦਾਰ ਹੈ, ਅਰਥਾਤ ਸਿਖੀ ਤੋਂ ਪਤਿਤ ਹੋ ਜਾਂਦਾ ਹੈ। ਇਸ ਲਈ ਇਹ ਵੀ ਇਕ ਵਡੀ ਕੁਰਹਿਤ ਹੈ।" ਸਮੁੱਚੇ ਪੰਥ ਨੂੰ ਇਸ ਪਾਸੇ ਸ਼ੀਘਰ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਇਹ ਰੋਗ ਚੀਚਕ ਦੀ ਮਹਾਂਮਾਰੀ ਵਾਂਗ ਕਾਬੂ ਤੋਂ ਬਾਹਰ ਹੁੰਦਾ ਜਾ ਰਿਹਾ ਹੈ ਤੇ ਕੌਮ ਨੂੰ ਅੰਦਰੋਂ ਅੰਦਰ ਘੁਣ ਵਾਂਗ ਖਾ ਰਿਹਾ ਹੈ। ਇਸ ਲਈ ਚੰਗਾ ਹੈ ਕਿ ਪੰਥ ਦੇ ਸਮੂਹ ਵਿਦਵਾਨਾਂ ਦੀ ਇਸ ਬਾਰੇ ਰਾਇ ਲੈ ਕੇ ਗੁਰਮਤਿ ਸੰਸਕਾਰ ਭਾਵ ਰਹਿਤ ਭਾਗ ਵਿਚ ਸੁਧਾਈ ਕੀਤੀ ਜਾਵੇ ਤੇ ਉਪਰ ਦਿਤੇ ਸੁਝਾਓ ਅਨੁਸਾਰ 'ਸ਼ਰਾਬ ਪੀਣਾ' ਤਮਾਕੂ ਦੇ ਨਾਲ ਹੀ ਕੁਰਹਿਤ ਕਰਾਰ ਦਿਤੀ ਜਾਵੇ।

ਸੁਧਾਈ ਸਮੇਂ ਸਮੇਂ ਸਿਰ ਪਹਿਲੇ ਵੀ ਹੁੰਦੀ ਆਈ ਹੈ। ਇਹ ਉਦਾਹਰਣ ਕੁਰਹਿਤਾਂ ਦੇ ਭਾਗ ਵਿਚ ਵੀ ਮਿਲਦੀ ਹੈ। (ਉਦਾਹਰਣ) ਸਾਹਿਬ ਸ੍ਰੀ ਦਸਮ ਪਾਤਸ਼ਾਹ ਜੀ ਦੇ ਸਮੇਂ ਤੋਂ ਪਰਚਲਤ ਹੋਈਆਂ ਕੁਰਹਿਤਾਂ ਵਿਚ ਇਕ ਕੁਰਹਿਤ 'ਤੁਰਕਣੀ ਦਾ ਸੰਗ' ਹੈ, ਪਰ ਸਮੇਂ ਦੀ ਲੋੜ ਨੂੰ ਮੁਖ ਰਖਕੇ ਪੰਥ ਨੇ ਸੁਧਾਈ ਕਰਦਿਆਂ 'ਤੁਰਕਣੀ ਦੇ ਸੰਗ' ਨਾਲ 'ਪਰ ਇਸਤ੍ਰੀ ਸੰਗ' ਵਾਕ ਸ਼ਾਮਲ ਕਰ ਦਿਤਾ ਹੈ।

[ਵੇਖੋ ਗੁਰਮਤਿ ਪ੍ਰਕਾਸ਼ ਭਾਗ ਸੰਸਕਾਰ
ਚੀਫ਼ ਖਾਲਸਾ ਦੀਵਾਨ, ਸਫ਼ਾ ੨੯

ਇਸ ਤੋਂ ਛੁਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਥ ਦੀ ਵਡੀ ਸੰਸਥਾ ਨੇ ਹੋਰ ਵਾਧੂ ਸੁਧਾਈ ਕਰਕੇ 'ਤੁਰਕਣੀ ਦਾ ਸੰਗ' ਮੂਲੋਂ ਹੀ ਉਡਾ ਦਿਤਾ ਹੈ। ਉਸ ਦੀ ਥਾਂ ਤੇ 'ਪਰ ਇਸਤ੍ਰੀ ਜਾਂ ਪਰ ਪੁਰਸ਼ ਦਾ ਭੋਗਣਾ' ਦਰਜ ਕਰ ਦਿਤਾ ਹੈ, ਵੇਖੋ ਸਿਖ ਰਹਿਤ ਮਰਯਾਦਾ ਸਫ਼ਾ ੩੬ ਐਡੀਸ਼ਨ ਜੁਲਾਈ ੧੯੭੫।

ਹਰ ਕੌਮ ਜਾਂ ਸਮਾਜ ਨੂੰ ਅਧਿਕਾਰ ਹੈ ਕਿ ਸਮੇਂ ਅਨੁਸਾਰ ਜਦੋਂ ਵੀ ਕੋਈ ਕੁਰੀਤੀ, ਜਿਸ ਤੋਂ ਆਚਰਣ ਹੀਣਤਾ ਦੇ ਪ੍ਰਭਾਵ ਪੈਣ ਦਾ ਅਨੁਮਾਨ ਹੋਵੇ, ਵਧਦੀ ਦੇਖ ਕੇ ਉਸ ਤੇ ਕੰਟਰੋਲ ਕਰੇ। 'ਖ਼ਾਲਸਾ ਧਰਮ ਸ਼ਾਸਤ੍ਰ ਗ੍ਰੰਥ' (ਜੋ ਕਾਫ਼ੀ ਪੁਰਾਤਨ ਹੈ) ਦੇ ਪੰਜਵੇਂ ਆਸ਼੍ਰਮ ਭਾਗ ਦੇ ਪੈਰੇ (੫) ਵਿਚ



www.AKJ.Org

ਲਿਖਿਆ ਹੈ 'ਜੇਕਰ ਅਰਸਾ ਗੁਜ਼ਰ ਜਾਣ ਪਰ ਕੋਈ ਰੀਤੀ ਰਸਮ ਮਧਮ ਪੈ ਗਈ ਹੋਵੇ ਤਾਂ ਗੁਣੀਆਂ ਗਿਆ-ਨੀਆਂ ਗੁਰਮਤਿ ਦੇ ਜਾਨਣ ਵਾਲਿਆਂ ਵਿਦਵਾਨਾਂ ਦੀ ਸੰਮਤੀ ਨਾਲ ਮਿਲ ਕੇ ਉਸ ਦਾ ਉਧਾਰ ਕਰਨਾ ਹੈ।'

ਚੰਗਾ ਹੈ ਜੇ ਸਮੁੱਚਾ ਪੰਥ ਇਸ ਪਾਸੇ ਧਿਆਨ ਦੇ ਕੇ ਠਲ੍ਹ ਪਾਣ ਦਾ ਪ੍ਰਬੰਧ ਕਰੇ। ਇਕ ਵੀਚਾਰਵਾਨ ਦਾ ਕਥਨ ਹੈ, 'ਕੌਮਾਂ ਬਣਦੀਆਂ ਤਲਵਾਰ ਦੇ ਜ਼ੋਰ ਨਾਲ ਹਨ ਪਰ ਜਦੋਂ ਪਿਆਲੇ ਤੇ ਆ ਜਾਂਦੀਆਂ ਹਨ ਤਾਂ ਉਨ੍ਹਾਂ ਦਾ (ਪਤਨ) ਜ਼ਵਾਲ ਸ਼ੁਰੂ ਹੋ ਜਾਂਦਾ ਹੈ। ਹੁਣ ਉਹੀ ਹਾਲ ਹੋ ਰਿਹਾ ਹੈ, ਕਲਗੀਆਂ ਵਾਲਾ ਪਾਤਸ਼ਾਹ ਸਿਖਾਂ ਨੂੰ ਸੁਮਤਿ ਪ੍ਰਦਾਨ ਕਰਨ। ਆਸ ਹੈ ਇਹ ਅੱਖਰ ਸੁੱਤੀ ਕੌਮ ਨੂੰ ਹਲੂਣਾ ਦੇਣ ਵਾਲੇ ਸਾਬਤ ਹੋਣਗੇ ਤੇ ਕੌਮ ਵਿਚ ਜਾਗ੍ਰਤੀ ਆਵੇਗੀ।

---

## ਭਾ: ਸਾ: ਰਣਧੀਰ ਸਿੰਘ ਜੀ ਦੀਆਂ ਪੁਸਤਕਾਂ ਦੀ ਛਪਾਈ ਬਾਰੇ ਹੰਭਲਾ

੧੨ ਅਪ੍ਰੈਲ ੧੯੭੭ ਨੂੰ ਅਜੀਤ ਨਗਰ ਅੰਮ੍ਰਿਤਸਰ ਵਿਖੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦੀ ਕਾਰਜ-ਸਾਧਕ ਕਮੇਟੀ ਵਿਚ ਪਾਸ ਹੋਇਆ ਕਿ ਜੁਲਾਈ ੧੯੭੮ ਵਿਖੇ ਭਾਈ ਸਾਹਿਬ ਦੀ ਮਨਾਈ ਜਾ ਰਹੀ ਸ਼ਤਾਬਦੀ ਤੋਂ ਪਹਿਲਾਂ, ਭਾਈ ਸਾਹਿਬ ਦੀਆਂ ਲਿਖੀਆਂ ਸਾਰੀਆਂ ਪੁਸਤਕਾਂ ਛਪ ਜਾਣੀਆਂ ਚਾਹੀਦੀਆਂ ਹਨ।

ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜੇ ਇਕ ਇਕ ਸ਼ਹਿਰ ਜਾਂ ਕਸਬਾ ਇਕ ਇਕ ਪੁਸਤਕ ਨੂੰ ਛਪਵਾਉਣ ਆਦਿ ਦਾ ਕੰਮ ਆਪੋ ਆਪਣੇ ਜ਼ਿਮੇ ਲੈ ਲਵੇ ਤਾਂ ਸਾਰੀਆਂ ਪੁਸਤਕਾਂ ਸਹਿਜੇ ਹੀ ਛੇਤੀ ਛਪ ਕੇ ਮੁਕੰਮਲ ਹੋ ਸਕਦੀਆਂ ਹਨ।

ਉਸੇ ਵਕਤ ਦਿੱਲੀ ਸੰਗਤ ਨੇ ਸਭ ਤੋਂ ਵੱਡੀ ਪੁਸਤਕ "ਗੁਰਮਤਿ ਕਰਮ ਫ਼ਿਲਾਸਫ਼ੀ" ਆਪਣੇ ਖ਼ਰਚ ਤੇ ਛਪਵਾਉਣ ਲਈ ਆਪਣੇ ਜ਼ਿਮੇ ਲੈ ਲਈ।

ਬਾਕੀ ਸ਼ਹਿਰਾਂ ਦੀਆਂ ਸੰਗਤਾਂ ਵੀ ਹੰਭਲਾ ਮਾਰਨ ਅਤੇ ਇਸ ਸੰਬੰਧ ਵਿਚ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰਨ :—

*ਸ: ਬਲਬੀਰ ਸਿੰਘ ਜੀ, 126-R, ਮਾਡਲ ਟਾਊਨ, ਲੁਧਿਆਣਾ*

---

## ਪਿੰਡ ਜਾਤੀਕੇ (ਕਪੂਰਥਲਾ) ਵਿਖੇ ਗੁਰਮਤਿ ਸਮਾਗਮ

ਮਾ: ਗੁਰਬਚਨ ਸਿੰਘ ਜੀ ਦਿਆਲ ਪੁਰ ਵਾਲੇ ਇਤਲਾਹ ਦਿੰਦੇ ਹਨ ਕਿ ਪਿੰਡ ਜਾਤੀਕੇ (ਕਪੂਰਥਲਾ) ਵਿਖੇ ਭਾਈ ਸਾਹਿਬ ਹਰੀ ਸਿੰਘ ਜੀ ਔਜਲਾ ਦੇ ਗ੍ਰਹਿ ਵਿਖੇ ਸ਼ਨੀਵਾਰ ੪ ਜੂਨ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ, ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ-ਸਬਾਈ ਕੀਰਤਨ ਹੋਣਗੇ, ਜਿਸ ਦੇ ਭੋਗ ਐਤਵਾਰ ਸਵੇਰੇ ਪੈਣਗੇ। ਸਮੂਹ ਮਾਈ ਭਾਈ ਹਾਜ਼ਰੀਆਂ ਭਰੋ ਜੀ ਅਤੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

ਨੋਟ:—(੧) ਸ਼ਨੀਵਾਰ ੬ ਵਜੇ ਸ਼ਾਮ ਨੂੰ ਟਰੱਕ ਰਾਮਾ ਮੰਡੀ ਤੋਂ ਚੱਲ ਕੇ, ਨਵਾਂ ਅੱਡਾ, ਭਗਤ ਸਿੰਘ ਚੋਕ, ਕਪੂਰਥਲਾ ਤੋਂ ਹੁੰਦਾ ਪਿੰਡ ਜਾਤੀਕੇ ਪੁਜੇਗਾ।

(੨) ਸ਼ਨੀਵਾਰ ਸ਼ਾਮ ੭ ਵਜੇ ਫਿਲਵਾਂ ਅੱਡੇ ਤੋਂ ਗੁਰਦਾਸਪੁਰ ਤੇ ਅੰਮ੍ਰਿਤਸਰ ਦੀਆਂ ਸੰਗਤਾਂ ਲਈ ਟਰਾਲੀ ਚਲੇਗੀ।


www.AKJ.Org

# ਕਲਜੁਗਿ ਜਹਾਜੁ ਅਰਜੁਨੁ ਗੁਰੂ (ਮਥੁਰਾ ਜੀ)

[ ਵਲੋਂ :–ਭਾਈ ਸਾਹਿਬ ਜੋਗਿੰਦਰ ਸਿੰਘ ਜੀ, ਤਲਵਾੜਾ ]

ਪੰਚਮ-ਗੁਰੂ-ਨਾਨਕ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥਾ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ੨੨ ਮਈ ਨੂੰ ਸਾਰੇ ਸਿਖ ਜਗਤ ਵਿਚ ਮਨਾਇਆ ਜਾ ਰਿਹਾ ਹੈ।

ਗੁਰਪੁਰਬ ਮਨਾਉਣ ਦਾ ਢੰਗ ਵਖ ਵਖ ਵਿਅਕਤੀਆਂ, ਸੰਸਥਾਵਾਂ ਅਤੇ ਕਮੇਟੀਆਂ ਦਾ ਵਖਰਾ ਵਖਰਾ ਹੈ, ਪਰ ਆਦਰਸ਼ਕ ਤਰੀਕਾ "ਭਾਇ ਭਗਤਿ ਗੁਰਪੁਰਬ ਕਰੰਦੇ" ਹੀ ਪਰਵਾਣ ਹੈ। ਗੁਰੂ ਪਾਤਸ਼ਾਹ ਜੀ ਦੇ ਜੀਵਨ-ਕਾਰਨਾਮਿਆਂ ਅਤੇ ਹਜ਼ੂਰ ਦੇ ਪਾਵਨ ਉਪਦੇਸ਼ਾਂ ਵਿਚੋਂ ਕਿਣਕਾ ਭਰ ਜੇ ਜੀਵਨ ਵਿਚ ਵਸ ਜਾਏ, ਬਸ ! ਇਹੋ ਪਰਖ-ਵੱਟੀ ਹੈ, ਸਫਲ ਢੰਗ ਦੀ।

ਸਤਿਗੁਰੂ ਜੀ ਗੁਣੀ ਨਿਧਾਨ ਹਨ । ਆਪ ਜੀ ਦੇ ਗੁਣਾਂ ਦਾ ਵਰਣਨ ਕਰ ਸਕਣਾ ਮਨੁਖ ਮਾਤਰ ਲਈ ਅਸੰਭਵ ਹੈ। ਪਰ ਆਪ ਜੀ ਦੇ ਜੀਵਨ ਵਿਚੋਂ ਗੁਣਾਂ ਦਾ ਪ੍ਰਸ਼ਾਦ ਪ੍ਰਾਪਤ ਕਕਨ ਲਈ ਆਪ ਜੀ ਦੇ ਜੀਵਨ-ਕਾਰਨਾਮਿਆਂ ਉਤੇ ਝਾਤ ਪਾਉਣ ਦਾ ਨਿਮਾਣਾ ਜਤਨ ਕਰਨਾ ਸਦਾ ਲਾਭਕਾਰੀ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ, ਚਉਥੇ ਸਤਿਗੁਰੂ, ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ ੧੯ ਵਿਸਾਖ ਸੰਮਤ ੧੬੨੦ ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ। ਆਪ ਜੀ, ਸ੍ਰੀ ਗੁਰੂ ਰਾਮਦਾਸ ਜੀ ਦੇ ਤੀਜੇ ਅਤੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਨੂੰ ਆਪਣੇ ਨਾਨੇ ਸਤਿਗੁਰੂ, ਗੁਰੂ ਅਮਰ ਦਾਸ ਜੀ ਦੀ ਗੋਦ ਵਿਚ ਪਲਣ ਦਾ ਸੁਭਾਗ ਪ੍ਰਾਪਤ ਹੋਇਆ, ਜਿਸ ਦਾ ਸਦਕਾ ਬਾਲ-ਵਰੇਸ ਵਿਚ ਹੀ ਗੁਰਮਤਿ ਆਪ ਜੀ ਦੇ ਜੀਵਨ ਵਿਚ ਸੁਤੇ ਹੀ ਪ੍ਰਵੇਸ਼ ਕਰ ਗਈ । ਘੰਟਿਆਂ ਬਧੀ ਨਾਨਾ ਸਤਿਗੁਰੂ ਜੀ ਦੀ ਗੋਦ ਵਿਚ ਬੈਠੇ ਗੁਰਬਾਣੀ ਦੇ ਅਨੰਦ ਵਿਚ ਨਿਮਗਨ ਰਹਿਣਾ । ਆਪ ਜੀ ਦੀ ਗੁਰਬਾਣੀ ਨਾਲ ਅਤਿ ਦਰਜੇ ਦੀ ਪ੍ਰੀਤ ਨੂੰ ਅਨੁਭਵ ਕਰਕੇ ਅਤੇ ਨਿਹਾਲ ਹੋ ਕੇ ਗੁਰੂ ਅਮਰਦਾਸ ਜੀ ਨੇ ਆਪ ਜੀ ਨੂੰ "ਦੋਹਿਤਾ ਬਾਣੀ ਕਾ ਬੋਹਿਥਾ" ਦਾ ਵਰ ਬਖਸ਼ਿਆ।

ਪਿਤਾ-ਗੁਰੂ ਦੀ ਆਗਿਆ ਦੇ ਪਾਲਣ ਕਰਨ, ਨਾਮ-ਬਾਣੀ ਨੂੰ ਜੀਵਨ-ਅਧਾਰ ਬਣਾਉਣ, ਗੁਰਧਾਮਾਂ ਦੀ ਉਸਾਰੀ ਵਿਚ ਨਿਸ਼ਕਾਮ ਸੇਵਾ ਕਰਨ ਅਤੇ ਸਿਖ-ਸੰਗਤਾਂ ਨੂੰ ਪਿਆਰਨ ਅਤੇ ਸਤਿਕਾਰਨ ਦਾ ਸਦਕਾ ਆਪ ਗੁਰੂ-ਪਿਤਾ ਦੀ ਨਦਰ ਵਿਚ ਪ੍ਰਵਾਣ ਚੜ੍ਹੇ ਅਤੇ ਗੁਰੂ-ਗਦੀ ਨੂੰ ਪ੍ਰਾਪਤ ਹੋਏ।

ਆਪ ਜੀ ਦੇ ਵਡੇ ਭ੍ਰਾਤਾ, ਬਾਬਾ ਪ੍ਰਿਥੀਚੰਦ ਜੀ ਝਗੜਾਲੂ ਈਰਖਾਲੂ ਅਤੇ ਹੰਕਾਰੀ ਬਿਰਤੀ ਦੇ ਕਾਰਨ ਗੁਰੂ-ਪਿਆਰ ਤੋਂ ਤੇ ਗੁਰੂ-ਗੱਦੀ ਤੋਂ ਵਿਰਵੇ ਰਹੇ, ਅਤੇ ਗੁਰੂ ਅਰਜਨ ਦੇਵ ਜੀ ਦੀ ਵਿਰੋਧਤਾ ਕਰਦੇ ਰਹੇ। ਪਰ ਇਸਦੇ ਬਾਵਜੂਦ ਧਰਮ-ਧੀਰ ਗੁਰਮਤਿ ਗੰਭੀਰ ਗੁਰੂ ਅਰਜਨ ਦੇਵ ਜੀ ਨੇ ਸਦਾ ਹੀ ਆਪਣੇ ਭ੍ਰਾਤਾ ਨਾਲ ਸਦ-ਭਾਵਨਾ ਦਾ ਵਤੀਰਾ ਰਖਿਆ। ਬਾਬਾ ਪ੍ਰਿਥੀ ਚੰਦ ਨਿਜੀ ਵਿਰੋਧਤਾ ਤਕ ਹੀ ਸੀਮਤ ਨਾ ਰਹੇ ਸਗੋਂ ਹੋਰ ਗੁਰੂ-ਦ੍ਰੋਹੀ ਤਾਕਤਾਂ ਨੂੰ ਨਾਲ ਮਿਲਾ ਕੇ ਜੀਵਨ-ਭਰ ਸਾਜ਼ਸ਼ਾਂ ਘੜਨ ਅਤੇ ਜਬਰਨ ਗੁਰੂ-ਗਦੀ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਸ਼ਾਹੀ ਦਰਬਾਰ ਨਾਲ ਸਾਜ਼-ਬਾਜ਼ ਕਰ ਕੇ ਕਦੀ ਸੁਲਹੀ ਖ਼ਾਂ ਤੇ ਕਦੀ ਸੁਲਬੀ ਖ਼ਾਂ ਚੜ੍ਹਾ ਭੇਜੇ, ਪਰ "ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ" ਦੀ ਕਹਾਵਤ ਅਨੁਸਾਰ ਸਾਰੇ ਦੁਸ਼ਟ-ਦੋਖੀ ਆਪਣੀ ਮੌਤੇ ਮਰ ਗਏ ਅਤੇ ਸਤਿਗੁਰੂ ਜੀ ਦਾ ਤੇਜ ਪਰਤਾਪ ਅਤੇ ਵਡਿਆਈ ਸਦਾ ਦੂਣ-ਸਵਾਈ ਚੜ੍ਹਦੀ ਗਈ।

ਆਪ ਜੀ ਦੇ ਜੀਵਨ-ਕਾਰਨਾਮਿਆਂ ਦੀ ਪੰਖ-ਅੱਖ ਝਾਕੀ ਇਉਂ ਹੈ :–

(ੳ) "ਰਾਮਦਾਸ ਸਰ" ਅੰਮ੍ਰਿਤ-ਸਰੋਵਰ; ਜਿਸ



www.AKJ.Org

ਦੀ ਅਰੰਭਤਾ ਗੁਰੂ ਰਾਮਦਾਸ ਜੀ ਨੇ ਕੀਤੀ ਸੀ, ਦੀ ਸੰਪੂਰਨਤਾ ਕਰਵਾਈ।

(ਅ) ਸਰੋਵਰ ਦੇ ਵਿਚਕਾਰ ਸਚਖੰਡ ਸ੍ਰੀ ਹਰਿ-ਮੰਦਰ ਸਾਹਿਬ ਦੀ ਉਸਾਰੀ ਕਰਵਾਈ। ਇਸ ਦੀ ਨੀਂਹ ਪਾਕ ਪਵਿੱਤਰ ਜੀਵਨ ਵਾਲੇ ਹੱਕ-ਸ਼ਿਨਾਸ ਮੁਸਲਮਾਨ ਸੂਫ਼ੀ ਫ਼ਕੀਰ ਹਜ਼ਰਤ ਮੀਆਂ ਮੀਰ ਜੀ ਤੋਂ ਰਖਵਾਈ ਅਤੇ ਏਸ ਤਰ੍ਹਾਂ ਧਰਮਾਂ ਦੇ ਇਤਿਹਾਸ ਵਿਚ ਇਕ ਵਿਲੱਖਣ ਪੂਰਨਾ ਪਾਇਆ।

(ੲ) ਅੰਮ੍ਰਿਤਸਰ ਵਿਖੇ 'ਸੰਤੋਖ ਸਰ' ਅਤੇ 'ਰਾਮ ਸਰ' ਸਰੋਵਰਾਂ ਦੀ ਉਸਾਰੀ ਕਰਵਾਈ ਅਤੇ ਤਰਨਤਾਰਨ ਵਿਖੇ 'ਹਰੀ ਮੰਦਰ' ਅਤੇ ਅੰਮ੍ਰਿਤ ਸਰੋਵਰ ਦੀ ਉਸਾਰੀ ਕਰਵਾਈ।

(ਸ) ਆਪ ਜੀ ਦਾ ਅਨੰਦ ਕਾਰਜ ਸੰਮਤ ੧੬੪੬ ਵਿਚ ਫਿਲੌਰ ਪਰਗਣੇ ਦੇ ਪਿੰਡ ਮਊ ਵਿਚ ਬੀਬੀ ਗੰਗਾ ਜੀ ਨਾਲ ਹੋਇਆ, ਜਿਸ ਦੀ ਕੁਖੋਂ ਸੰਮਤ ੧੬੫੨ ਵਿਚ ਮਹਾਂਬਲੀ ਸਾਹਿਬਜ਼ਾਦਾ ਹਰਿਗੋਬਿੰਦ ਜੀ ਦਾ ਜਨਮ ਹੋਇਆ, ਜੋ ਆਪ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਗੁਰੂ-ਗਦੀ ਤੇ ਬਿਰਾਜਮਾਨ ਹੋਏ।

(ਹ) ਜਿਥੇ ਕੌਮ ਨੂੰ ਕੇਂਦਰੀ ਧਰਮ-ਮੰਦਰ ਬਖ਼ਸ਼ਿਆ, ਉਥੇ ਨਾਲ ਹੀ ਧਰਮ-ਗ੍ਰੰਥ ਦੀ ਵੀ ਬਖ਼ਸ਼ਸ਼ ਕੀਤੀ। ਵਿਰਸੇ ਵਿਚ ਮਿਲੀ ਪ੍ਰਥਮ ਸਤਿਗੁਰਾਂ ਦੀ ਬਾਣੀ ਨਾਲ ਰੱਬੀ-ਰੰਗ ਵਿਚ ਉਚਾਰੀ ਆਪਣੀ ਬਾਣੀ ਨੂੰ ਸੰਮਲਿਤ ਕਰਕੇ, ਭਗਤਾਂ ਅਤੇ ਭਟਾਂ ਦੀ ਬਾਣੀ ਸਮੇਤ 'ਆਦਿ ਗ੍ਰੰਥ' ਦੇ ਰੂਪ ਵਿਚ ਸੰਪਾਦਿਤ ਕੀਤਾ ਅਤੇ ਇਸ ਪਾਵਨ ਗ੍ਰੰਥ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਤਖ਼ਤ ਉਤੇ ਬਿਰਾਜਮਾਨ ਕੀਤਾ। ਏਸ ਤਰ੍ਹਾਂ ਗੁਰਬਾਣੀ ਦੇ ਸਤਿਕਾਰ ਦਾ ਧ੍ਰੁਵਾ ਬੱਧਾ।

(ਕ) ਕੀਰਤਨ ਦੀ ਸੇਵਾ ਪਹਿਲਾਂ ਰਬਾਬੀਆਂ ਕੋਲ ਪੁਸ਼ਤ-ਦਰ-ਪੁਸ਼ਤ ਚਲਦੀ ਆ ਰਹੀ ਸੀ। ਗੁਰੂ ਅਰਜਨ ਦੇਵ ਜੀ ਨੇ ਸਿਖਾਂ ਵਿਚ ਕੀਰਤਨ ਦੀ ਸੇਵਾ ਦਾ ਪ੍ਰੇਮ ਜਗਾਇਆ ਅਤੇ ਆਪ ਜੀ ਦੇ ਉਤਸ਼ਾਹ ਬਖਸ਼ਣ ਸਦਕਾ ਬੇਅੰਤ ਗੁਰਸਿਖ ਕੀਰਤਨ ਸੇਵਾ ਵਿਚ ਨਿਤਰੇ।

(ਖ) ਥਾਂ-ਪਰ-ਥਾਂ ਪ੍ਰਚਾਰ-ਦੌਰੇ ਕਰ ਕੇ ਅਤੇ ਨਾਮ ਬਾਣੀ ਦੇ ਛਿਟੇ ਦੇ ਕੇ ਸਿਖੀ ਨੂੰ ਪ੍ਰਫੁਲਤ ਕੀਤਾ। ਕਾਲ-ਪੀੜਤ ਦੁਖੀ ਜਨਤਾ ਦੇ ਸੁਖ ਲਈ ਖੂਹ ਬਾਉਲੀਆਂ ਸਰੋਵਰਾਂ ਦੀ ਉਸਾਰੀ ਕਰਵਾਈ, ਲੰਗਰ ਲਵਾਏ; ਯਤੀਮ-ਖ਼ਾਨੇ ਅਤੇ ਦਵਾ-ਖ਼ਾਨੇ ਖੋਲ੍ਹੇ। ਜਦੋਂ ਅਕਬਰ ਹਜ਼ੂਰ ਦੇ ਦਰਸ਼ਨਾਂ ਲਈ ਗੋਇੰਦਵਾਲ ਪੁਜਾ ਤਾਂ ਆਪ ਜੀ ਦੀ ਪ੍ਰੇਰਨਾ ਅਨੁਸਾਰ ਅਕਬਰ ਨੇ ਪੰਜਾਬ ਵਿਚ ਬਹੁਤ ਸਾਰਾ ਮਾਮਲਾ ਮਾਫ਼ ਕਰ ਦਿਤਾ।

(ਗ) ਅੰਤਰ-ਆਤਮੇ ਰਬੀ-ਨਾਦ ਨਾਲ ਸਦੀਵ ਕਾਲ ਇਕ-ਸੁਰ ਰਹਿਣ ਦਾ ਸਦਕਾ ਆਪ ਜੀ ਦੇ ਪਾਵਨ ਹਿਰਦੇ ਅੰਦਰ ਸ਼ਬਦ-ਤਰੰਗ ਠਾਠਾਂ ਮਾਰ ਉਠੇ। ਬਾਣੀ ਦਾ ਅਥਾਹ ਪ੍ਰਵਾਹ ਵਹਿ ਤੁਰਿਆ। ਨਾਨਾ-ਗੁਰੂ ਦਾ ਵਾਕ ਸਤ ਹੋਇਆ। ਆਪ ਜੀ ਦੀ ਬਾਣੀ ਇਸ ਪ੍ਰਕਾਰ ਹੈ—੧੩੪੫ ਸ਼ਬਦ, ੬੨ ਅਸ਼ਟਪਦੀਆਂ, ੬੨ ਛੰਤ, ਵਾਰਾਂ ਦੀਆਂ ਪਉੜੀਆਂ ੧੧੭ ਅਤੇ ੨੯੦ ਸਲੋਕਾਂ ਤੋਂ ਬਿਨਾਂ ਬਾਰਹ-ਮਾਹ ਮਾਝ, ਬਾਵਨ ਅਖਰੀ, ਸੁਖਮਨੀ ਸਾਹਿਬ ਆਦਿ ਵਡੀਆਂ ਬਾਣੀਆਂ ਤੋਂ ਬਿਨਾਂ ਸਲੋਕ ਸਹਸਕ੍ਰਿਤੀ ਤੇ ਸਵੈਯੇ ਆਦਿ ਬੇਅੰਤ ਬਾਣੀ ਆਪ ਜੀ ਦੀ ਉਚਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਸੰਮਤ ੧੬੬੩ ਵਿਚ ਵਕਤ ਦੇ ਮੁਤੱਸਬੀ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਨੁਸਾਰ ਆਪ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।

## *ਸ਼ਹੀਦੀ ਦੇ ਕਾਰਨ—*

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਈ ਕਾਰਨ ਹਨ :—

(੧) ਪ੍ਰਿਥੀ ਚੰਦ ਦੀ ਵਿਰੋਧਤਾ।

(੨) ਵਕਤ ਦੇ ਜਾਤਿ-ਅਭਿਮਾਨੀ ਅਤੇ ਕਰਮ-ਕਾਂਡੀ ਬ੍ਰਾਹਮਣਾਂ ਦਾ ਵਿਰੋਧ।

(੩) ਦੀਵਾਨ ਚੰਦੂ ਲਾਲ ਦਾ, ਲੜਕੀ ਦਾ ਰਿਸ਼ਤਾ ਮੋੜ ਦਿਤੇ ਜਾਣ ਕਾਰਨ ਵਿਰੋਧ।

ਪਰ ਪ੍ਰਮੁਖ ਕਾਰਨ ਵਕਤ ਦੇ ਹੁਕਮਰਾਨ ਜਹਾਂਗੀਰ ਬਾਦਸ਼ਾਹ ਦਾ ਮੁਤੱਸਬ-ਪੁਣਾ ਸੀ। ਉਸਦੀ ਨਿਜੀ ਲਿਖਤ ਤੁਜ਼ਕਿ ਜਹਾਂਗੀਰੀ ਵਿਚ ਸਪੱਸ਼ਟ ਹੈ ਕਿ ਜਹਾਂਗੀਰ ਸਤਿਗੁਰਾਂ ਦੀ ਵਧ ਰਹੀ ਪ੍ਰਭਤਾ ਨੂੰ


www.AKJ.Org

ਵੇਖ ਕੇ ਖੁਣਸ ਖਾਂਦਾ ਸੀ ਅਤੇ ਤੁਲਿਆ ਹੋਇਆ ਸੀ ਕਿ ਕਿਸੇ ਨ ਕਿਸੇ ਬਹਾਨੇ ਸਤਿਗੁਰਾਂ ਨੂੰ ਦੀਨ-ਇਸਲਾਮ ਵਿਚ ਲੈ ਆਵੇ ਜਾਂ ਉਨ੍ਹਾਂ ਦੀ ਸੰਸਥਾ ਨੂੰ, ਜਿਸ ਨੂੰ ਉਹ ਝੂਠ ਦੀ ਦੁਕਾਨ ਲਿਖਦਾ ਹੈ, ਬੰਦ ਕਰ ਦੇਵੇ। ਪਰ ਉਹ ਆਪਣੇ ਮੰਤਵ ਵਿਚ ਫ਼ੇਲ੍ਹ ਹੋਇਆ। ਗੁਰੂ ਪਾਤਸ਼ਾਹ ਨੇ ਸ਼ਹਾਦਤ ਦੇ ਕੇ ਗੁਰੂ ਨਾਨਕ ਦੇਵ ਜੀ ਦੇ ਇਸ ਸੱਚ-ਹੱਟ ਨੂੰ ਸੰਸਾਰ ਭਰ ਵਿਚ ਉਜਾਗਰ ਕਰ ਦਿਤਾ।

ਗੁਰੂ ਪਾਤਸ਼ਾਹ ਦੀ ਸ਼ਖਸੀਅਤ ਬਾਰੇ ਸਭ ਤੋਂ ਭਰੋਸੇ-ਯੋਗ ਗਵਾਹੀ ਭੱਟਾਂ ਦੀ ਹੈ ਜੋ ਉਸ ਵੇਲੇ ਦੇ ਮੰਨੇ ਪ੍ਰਮੰਨੇ ਵਿਦਵਾਨ ਸਨ। ਅਧਿਆਤਮਕ ਗਿਆਨ ਦੀ ਭਾਲ ਵਿਚ ਵਿਚਰਦੇ ਇਹ ਭੱਟ ਗੁਰੂ ਦਰਬਾਰ ਵਿਚ ਆਏ। ਸਤਿਗੁਰਾਂ ਦੀ ਕੰਨਾਂ ਦੁਆਰਾ ਸੁਣੀ ਸ਼ੋਭਾ ਨਾਲ ਕੁਝ ਪਿਆਰ ਅਤੇ ਸਤਿਕਾਰ ਇਹਨਾਂ ਦੇ ਮਨ ਵਿਚ ਉਤਪੰਨ ਹੋਇਆ ਸੀ। ਅਖੀਂ ਦਰਸ਼ਨ ਕਰ ਕੇ ਅਤੇ ਸਤਿਸੰਗ ਕਰ ਕੇ ਹੋਰ ਪ੍ਰਭਾਵਤ ਹੋਏ।

ਇਹਨਾਂ ਨੇ ਅਖੀਂ ਡਿਠਾ ਕਿ ਗੁਰੂ ਪਾਤਸ਼ਾਹ, ਗੁਰੂ ਨਾਨਕ ਦੀ ਗਦੀ ਉਤੇ ਬਿਰਾਜਮਾਨ ਹੋਣ ਸਦਕਾ ਏਨੀ ਸ਼ਕਤੀ ਤੇ ਸ਼ੋਭਾ ਦੇ ਮਾਲਿਕ ਹੁੰਦਿਆਂ ਹੋਇਆਂ ਮਿਠਤ, ਨਿਮ੍ਰਤਾ,ਸੇਵਾ ਅਤ ਕੁਰਬਾਨੀ ਦੇ ਪੁੰਜ ਹਨ। ਗੁਰੂ ਪਾਤਸ਼ਾਹ ਦੇ ਚੋਜੀ ਜੀਵਨ ਬਿਰਤਾਂਤ ਕੁਝ ਸੁਣੇ ਤੇ ਕੁਝ ਡਿਠੇ :—

(੧) ਗੁਰੂ ਅਰਜਨ ਦੇਵ ਜੀ ਤਖ਼ਤ ਤੇ ਬਿਰਾਜਮਾਨ ਹਨ। ਖ਼ਬਰ ਮਿਲੀ ਕਿ ਰੋਜ਼ਾਨਾ ਲੰਗਰ ਲਈ ਲਕੜਾਂ ਲਿਆਉਣ ਦੀ ਸੇਵਾ ਕਰਨ ਵਾਲਾ ਸੇਵਕ-ਸਿਖ ਭਾਈ ਮੰਝ ਖੂਹ ਵਿਚ ਡਿਗਾ ਪਿਆ ਹੈ। ਆਪ ਜੀ ਸਿਖ ਅਤੇ ਸਿਖੀ ਦੇ ਪਿਆਰ ਵਿਚ ਬਿਹਬਲ ਹੋਏ ਹੋਏ ਤਖ਼ਤੋਂ ਉਤਰ ਨੰਗੇ ਪੈਰੀਂ ਵਾਹੋ ਦਾਹੀ ਓਸ ਪਾਸੇ ਦੋੜ ਪਏ। ਮਗਰੇ ਮਗਰ ਸੰਗਤਾਂ। ਜਾ ਕਢਿਆ ਪਿਆਰੇ ਸਿਖ ਨੂੰ ਖੂਹ ਵਿਚੋਂ ਅਤੇ ਗਲ ਨ ਲ ਲਾ ਕੇ ਪਿਆਰ ਕੀਤਾ, ਵਰ ਬਖਸ਼ੇ। ਧਰਮਾਂ ਤੇ ਇਤਿਹਾਸ ਵਿਚ ਚੇਲੇ ਤਾਂ ਆਪਣੇ ਧਰਮ ਦੇ ਆਗੂਆਂ ਤੋਂ ਆਪਾ ਵਾਰਦੇ ਦੇਖੇ ਸੁਣੇ ਗਏ ਹਨ ਪਰ ਸਤਿਗੁਰਾਂ ਦੇ ਸਿਖਾਂ ਲਈ ਆਪਾ ਵਾਰਨ ਦੀ ਮਿਸਾਲ ਸਿਖ ਧਰਮ ਵਿਚ ਹੀ ਮਿਲਦੀ ਹੈ।

(੨) ਸੰਗਤਾਂ ਦੂਰੋਂ ਨੇੜਿਓਂ ਗੁਰੂ ਦਰਸ਼ਨਾਂ ਲਈ ਅੰਮ੍ਰਿਤਸਰ ਆਉਂਦੀਆਂ ਰਹਿੰਦੀਆਂ। ਗੁਰੂ ਅਰਜਨ ਦੇਵ ਜੀ ਆਪਣੇ ਮਹਿਲ ਸ੍ਰੀ ਗੰਗਾ ਜੀ ਸਮੇਤ ਪ੍ਰਸ਼ਾਦੇ ਸਜਾ ਕੇ ਪਿਪਲੀ ਸਾਹਿਬ ਅਗੋਂ ਸਿਖ-ਸੰਗਤਾਂ ਦੇ ਸਵਾਗਤ ਲਈ ਆਇਆ ਕਰਦੇ। ਪ੍ਰਸ਼ਾਦ ਪਾਣੀ ਦੀ ਸੇਵਾ ਤੋਂ ਛੁਟ ਰਾਤ ਨੂੰ ਥੱਕੇ ਸਿਖਾਂ ਦੀ ਮੁੱਠੀ-ਚਾਪੀ ਕਰਨੀ ਤੇ ਪੱਖੇ ਦੀ ਸੇਵਾ ਕਰਨੀ। "ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ" ਕੇਵਲ ਉਚਾਰਨ ਤੇ ਅੰਕਿਤ ਕਰਨ ਤਕ ਹੀ ਸੀਮਤ ਨਹੀਂ ਰਖਿਆ ਸਗੋਂ ਅਮਲੀ ਤੌਰ ਤੇ ਕਮਾ ਕੇ ਵਿਖਾਇਆ।

(੩) ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਪਧਾਰੇ। ਆਪਣੇ ਸਿਖ ਭਾਈ ਬੁੱਧੂ ਦੇ ਪ੍ਰੇਮ-ਸੱਦੇ ਤੇ ਉਸਦੇ ਘਰ ਪਧਾਰੇ। ਉਸ ਨੇ ਹਜ਼ੂਰ ਦਾ ਅਤੇ ਸਿਖ-ਸੰਗਤਾਂ ਦਾ ਲੰਗਰ ਕੀਤਾ ਅਤੇ ਚਾੜ੍ਹੇ ਆਵੇ ਵਿਚ ਇੱਟਾਂ ਦੇ ਭਲੀ ਪ੍ਰਕਾਰ ਪੱਕ ਜਾਣ ਬਾਰੇ ਅਰਦਾਸ ਲਈ ਯਾਚਨਾ ਕੀਤੀ। ਇਕ ਸਿਦਕੀ ਸਿਖ ਭਾਈ ਕਮਲੀਆ ਬਾਹਰੋਂ ਗੁਰੂ ਦਰਸ਼ਨਾਂ ਲਈ ਅੰਦਰ ਆਉਣਾ ਲੋਚਦਾ ਰਿਹਾ ਹੈ ਪਰ ਭਾਈ ਬੁਧੂ ਜੀ ਦੇ ਕਰਿੰਦਿਆਂ ਨੇ ਦਰਵਾਜ਼ੇ ਬੰਦ ਕੀਤੇ ਹੋਏ ਹਨ, ਅੰਦਰ ਨਹੀਂ ਆਉਣ ਦਿਤਾ ਜਾਂਦਾ। ਅੰਦਰ ਅਰਦਾਸੀਆ ਅਰਦਾਸ ਕਰਦਾ ਹੈ ਕਿ ਭਾਈ ਬੁੱਧੂ ਦਾ ਆਵਾ ਪੱਕਾ ਹੋਵੇ ਤਾਂ ਬਾਹਰ ਬੈਠਾ ਸਿਖ ਗੁਰੂ-ਪਿਆਰ ਵਿਚ ਬੇਹਬਲ ਬੋਲ ਉਠਦਾ ਹੈ"ਭਾਈ ਬੁਧੂ ਦਾ ਆਵਾ ਕੱਚਾ"

ਸ੍ਰੋਤਿਆਂ ਵਿਚ ਸੱਨਾਟਾ ਛਾ ਗਿਆ। ਕੌਣ ਹੈ ਇਹ ਆਪ-ਮੁਹਾਰੀ ਗੱਲ ਕਰਨ ਵਾਲਾ? ਪਰ ਪਿਆਰ ਦੇ ਮਹਿਰਮ ਸਤਿਗੁਰੂ ਮਸਤਾਨੇ ਗੁਰਸਿਖ ਨੂੰ ਅੰਦਰ ਬੁਲਵਾ, ਛਾਤੀ ਨਾਲ ਲਾ ਕੇ ਬਚਨ ਕਰਦੇ ਹਨ ਕਿ ਪਿਆਰ-ਗੁਧੇ ਗੁਰਸਿਖ ਦੀ ਰਸਨਾ ਤੇ ਗੁਰੂ ਨਾਨਕ ਵਸਦੇ ਹਨ ਇਸ ਲਈ ਗੁਰਸਿਖ ਦਾ ਵਾਕ ਸਤ ਹੋਊ, ਇੱਟਾਂ ਕੱਚੀਆਂ ਹੀ ਰਹਿਣਗੀਆਂ। ਪਰ ਭਾਈ ਬੁੱਧੂ ਦੀ ਸਿਖ ਸੰਗਤਾਂ ਦੀ ਸੇਵਾ ਨੂੰ ਭੀ ਫਲ ਲਗਣਗੇ। ਹਾਲਾਤ ਅਨੁਸਾਰ ਕੱਚੀਆਂ ਇੱਟਾਂ ਪੱਕੀਆਂ ਦੇ ਭਾਅ ਵਿਕਣਗੀਆਂ।



www.AKJ.Org

(੪) ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਕਰਵਾਈ ਜਾ ਰਹੀ ਹੈ। ਸਰੋਵਰ ਬਣਵਾਏ ਜਾ ਰਹੇ ਰਨ। ਇੱਟਾਂ ਲਈ ਭੱਠੇ ਚਾੜ੍ਹੇ ਗਏ। ਕਿਸੇ ਨੇ ਸਲਾਹ ਦਿਤੀ ਕਿ ਭੱਠਿਆਂ ਵਿਚ ਜਿੰਨਾ ਜ਼ਿਆਦਾ ਮੈਲਾ ਪਾਇਆ ਜਾਵੇ ਓਨੀਆਂ ਚੰਗੀਆਂ ਇੱਟਾਂ ਪੱਕਣਗੀਆਂ। ਗੁਰੂ ਦਰਬਾਰ ਵਿਚ ਦਰਸ਼ਨਾਂ ਲਈ ਆਇਆ ਜੱਟ ਭਾਈ ਬਹਿਲੋ ਇਹ ਸੁਣ ਕੇ ਮੈਲਾ ਢੋਣ ਦੀ ਸੇਵਾ ਵਿਚ ਜੁਟ ਪਿਆ। ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਲੈਣ ਲਈ ਸਿਖੀ-ਦਾਤ ਦੇ ਭਿਖਾਰੀ ਇਸ ਸਿਖ ਨੇ ਦਿਨ ਰਾਤ ਮੈਲਾ ਢੋਣ ਵਿਚ ਇਕ ਕਰ ਦਿਤੇ। ਗੁਰੂ ਪਾਤਸ਼ਾਹ ਪਾਸ ਸੋਅ ਪੁਜੀ। ਹਜ਼ੂਰ ਸਿਖ ਦੇ ਦਰਸ਼ਨਾਂ ਲਈ ਆਪ ਆਏ ਤੇ ਮੈਲੇ ਨਾਲ ਲਿਬੜੇ ਸਿਖ ਨੂੰ ਗਲ ਲਾ ਕੇ ਵਰ ਦਿਤਾ:—
"ਭਾਈ ਬਹਿਲੋ, ਤੂੰ ਸਭ ਤੋਂ ਪਹਿਲੋਂ।"

## *ਭੱਟਾਂ ਦੇ ਸਵਈਆਂ ਦੇ ਅਧਾਰ ਤੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਬਦ-ਮੂਰਤਿ—*

ਹੇ ਗੁਰੂ ਅਰਜਨ ਦੇਵ ਜੀ! ਆਪ ਜੀ ਨੇ ਜਨਮ ਤੋਂ ਹੀ ਗੁਰੂ ਦੀ ਮਤਿ ਦੇ ਸਦਕੇ ਬ੍ਰਹਮ ਨੂੰ ਪਛਾਣਿਆ ਹੋਇਆ ਹੈ। ਆਪ ਭਗਤਿ-ਜੋਗ ਦੇ ਜੇਤੂ ਹੋ।

ਆਪ ਜੀ ਨੇ ਗਿਆਨ-ਰਾਜ ਸਥਾਪਤ ਕੀਤਾ ਹੈ ਤੇ ਏਸ ਤਰ੍ਹਾਂ ਕਲਜੁਗ ਵਿਚ ਸਤਿਜੁਗ ਆ ਬਣਿਆ ਹੈ। ਸਚ-ਮੰਦਰ ਦੀ ਨੀਂਵ ਰਖ ਕੇ ਗੁਰੂ ਨਾਨਕ ਦੇਵ ਜੀ ਆਪ ਵਿਚ ਹਲੂਲ ਹੋ ਗਏ ਹਨ ਤੇ ਆਪ ਜੀ ਅਪਰੰਪਰ ਬ੍ਰਹਮ ਸਰੂਪ ਬਣ ਗਏ ਹੋ। ਨਾਨਕ-ਰਾਜ ਦੀ ਪੀੜ੍ਹੀ ਵਿਚ ਪੰਜਵੇਂ ਥਾਂ ਆਪ ਨੂੰ ਗੁਰ-ਪਦਵੀ ਪ੍ਰਾਪਤ ਹੋਈ ਹੈ ਤੇ ਆਪ ਜੀ ਦੇ ਚਰਨਾਂ ਦੀ ਛੋਹ ਪਾਰਸ ਸਮਾਨ ਹੈ।

ਗੁਰੂ ਅਰਜਨ ਦੇਵ ਜੀ! ਆਪ ਜਗਤ-ਪੀੜ ਹਰਨਹਾਰ ਹੋ। ਆਪ ਜੀ ਦੀ ਜੈ ਜੈ ਕਾਰ ਸਾਰੇ ਜਗਤ ਵਿਚ ਹੋ ਰਹੀ ਹੈ। ਆਪ ਧਰਮ ਦੀ ਧੁਜਾ ਹੋ। ਆਪ ਧ੍ਰਮ-ਧੀਰ ਅਤੇ ਗੁਰਮਤਿ ਗੰਭੀਰ ਹੋ। ਸ਼ਬਦ-ਸੁਰਤ ਵਿਚ ਲੀਨ ਆਪ ਰਾਜ-ਜੋਗ ਮਾਨਣਹਾਰੇ ਹੋ। ਆਪ ਜੀ ਸੰਤੋਖ ਸਰੋਵਰ ਵਿਚ ਲੀਨ ਹੋ, ਸਹਿਜ ਜੋਗ ਦੇ ਖ਼ਜ਼ਾਨੇ ਨੂੰ ਪ੍ਰਾਪਤ ਹੋ। ਆਪ ਧੰਨ ਧੰਨ ਹੋ ਜਿਨ੍ਹਾਂ ਨੇ ਖ਼ਾਲੀ ਹਿਰਦਿਆਂ ਨੂੰ ਨਾਮ ਨਾਲ ਨੱਕਾ-ਨੱਕ ਭਰਪੂਰ ਕਰ ਦਿਤਾ ਹੈ।

ਆਪ ਜੀ ਅਪਾਰ ਸੂਰਮੇ ਸਤਿਗੁਰੂ ਹੋ। ਆਪ ਜੀ ਨੇ ਸ਼ਬਦ ਦੁਆਰਾ ਹਉਮੈ ਨੂੰ, ਅਤੇ ਪੰਜ ਦੂਤਾਂ ਨੂੰ ਦਲ ਮਲ ਦਿਤਾ ਹੈ ਤੇ ਸਹਿਜ ਵਿਚ ਟਿਕ ਕੇ ਅਫੁਰ ਨਿਰੰਕਾਰ ਨੂੰ ਹਿਰਦੇ ਵਿਚ ਟਿਕਾ ਰਖਿਆ ਹੈ।

ਆਪ ਜੀ ਨੇ ਗਿਆਨ-ਕਲਸ ਜਗਾ ਕੇ ਨਾਮ ਦੁਆਰਾ ਸੰਸਾਰ ਨੂੰ ਵਿਕਾਰਾਂ ਵਿਚ ਡਿਗਣ ਤੋਂ ਬਚਾ ਲਿਆ ਹੈ।

ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਸ੍ਰੇਸ਼ਟ ਅਤੇ ਸਰਬੋਤਮ ਅਕਾਲ ਪੁਰਖ ਦੇ ਪਰਤੱਖ ਦਰਸ਼ਨ ਹਨ। ਗੁਰੂ ਅਰਜਨ ਦੇਵ ਜੀ ਨੇ ਸਤਿ ਸਰੂਪ ਸਤਿ-ਨਾਮ ਨੂੰ ਹਿਰਦੇ ਵਿਚ ਧਾਰਨ ਕੀਤਾ ਹੈ, ਜਿਸ ਦਾ ਸਦਕਾ ਸਤ ਅਤੇ ਸੰਤੋਖ ਸੁਤੇ ਹੀ ਆਪ ਜੀ ਦੇ ਹਿਰਦੇ ਵਿਚ ਪ੍ਰਵੇਸ਼ ਕਰ ਗਏ ਹਨ। ਆਪ ਜੀ ਦੇ ਅੰਦਰ ਪ੍ਰਗਟ ਤੌਰ ਤੇ ਪ੍ਰਭੂ-ਜੋਤੀ ਜਗਮਗ ਜਗਮਗ ਕਰ ਰਹੀ ਹੈ। ਇਸਦਾ ਤੇਜ ਪ੍ਰਕਾਸ਼ ਸਾਰੀ ਧਰਤੀ ਤੇ ਛਾਇਆ ਹੋਇਆ ਹੈ। ਆਪ ਜੀ ਪਾਰਸ ਗੁਰੂ ਦੀ ਚਰਨ ਛੋਹ ਸਦਕਾ ਗੁਰੂ (ਰਾਮਦਾਸ ਜੀ) ਤੋਂ ਗੁਰੂ ਬਣੇ ਹਨ। ਆਪ ਜੀ ਦੀ ਹਸਤੀ ਸਦੀਵ ਥਿਰ ਹੈ। ਹੇ ਦੁਨੀਆ ਦੇ ਲੋਕੋ! ਦਾਸ ਮਥਰਾ ਤੁਹਾਨੂੰ ਪੁਕਾਰ ਕੇ ਆਖਦਾ ਹੈ ਕਿ ਸਤਿਗੁਰੂ ਗੁਰੂ ਅਰਜਨ ਦੇਵ ਕਲਜੁਗ ਵਿਚ ਭਵ-ਸਾਗਰ ਤੋਂ ਪਾਰ ਉਤਰਨ ਲਈ ਜਹਾਜ਼ ਹਨ। ਉਨ੍ਹਾਂ ਦੇ ਸਨਮੁਖ ਰਹਿ ਕੇ, ਉਨ੍ਹਾਂ ਦੇ ਚਰਨੀਂ ਲਗ ਕੇ ਸੰਸਾਰ-ਸਾਗਰ ਤੋਂ ਸਹੀ ਸਲਾਮਤ ਪਾਰ ਉਤਰ ਜਾਓ! ਗੁਰੂ ਅਰਜਨ ਦੇਵ ਭਾਵੇਂ ਗ੍ਰਿਹਸਤੀ ਹਨ ਪਰ ਮਾਇਆ ਤੋਂ ਪੂਰਨ ਨਿਰਲੇਪ ਹਨ, ਦਿਨ ਰਾਤ ਪ੍ਰਮੇਸ਼ਰ ਦੇ ਪਿਆਰ-ਰੰਗ ਵਿਚ ਨਿਮਗਨ ਹਨ। ਭਗਵੰਤ ਪ੍ਰਭੂ ਦੇ ਭਜਨ ਬਗੈਰ ਸੰਸਾਰ ਵਿਚ ਕਿਸੇ ਹੋਰ ਕੰਮ ਨਾਲ ਆਪ ਨੂੰ ਗਉਂ ਨਹੀਂ। ਅਸਲ ਵਿਚ ਗੁਰੂ ਰਾਮਦਾਸ ਜੀ ਨੇ ਜਗਤ ਦੇ ਉਧਾਰ ਹਿਤ ਹੀ ਗੁਰੂ-


www.AKJ.Org

ਜੋਤਿ, ਦੀਨਾਂ ਤੇ ਦਇਆ ਕਰਨ ਵਾਲੇ ਗੁਰੂ ਅਰਜਨ ਵਿਚ ਟਿਕਾਈ ਹੈ।

ਜਗਤ ਦੇ ਅੰਨ੍ਹੇਰੇ ਵਿਚ ਗੁਰੂ ਅਰਜਨ ਦੇਵ ਜੀ ਬਗੈਰ ਕੋਈ ਰਾਖ ਨਹੀਂ। ਉਨ੍ਹਾਂ ਦੇ ਕੂੜਾਂ ਦੁਖ ਨਵਿਰਤ ਹੋ ਗਏ ਜਿਨ੍ਹਾਂ ਵਡਭਾਗਿਆਂ ਨੇ ਆਪ ਪਾਸੋਂ ਅੰਮ੍ਰਿਤ ਨਾਮ ਪ੍ਰਾਪਤ ਕੀਤਾ। ਗੁਰੂ ਅਰਜਨ ਦੇ ਹਿਰਦੇ ਵਿਚ ਪੂਰਨ ਬ੍ਰਹਮ ਪ੍ਰਤੱਖ ਆਪ ਆ ਬੈਠਾ ਹੈ।

ਜਦੋਂ ਤਕ ਭਾਗ ਜਾਗੇ ਨਹੀਂ ਸਨ, ਅਸੀਂ ਭਟਕਦੇ ਫਿਰੇ। ਕਲਜੁਗ ਦੇ ਘੋਰ ਸਮੁੰਦਰ ਵਿਚ ਗੋਤੇ ਖਾਂਦਿਆਂ ਨੂੰ ਵਡੇ ਭਾਗਾਂ ਕਰਕੇ ਗੁਰੂ ਆ ਮਿਲਿਆ। ਸਾਰੇ ਝੋਰੇ ਮਿਟ ਗਏ।

ਮਥਰਾ ਆਖਦਾ ਹੈ ਕਿ ਤੱਤ ਵਿਚਾਰ ਤਾਂ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਜਗਤ ਦੇ ਉਧਾਰ ਲਈ ਪ੍ਰਭੂ ਨੇ ਅਵਤਾਰ ਬਣਾਇਆ ਹੈ। ਜਿਨ੍ਹਾਂ ਨੇ ਗੁਰੂ ਅਰਜਨ ਦੇਵ ਨੂੰ ਹਿਰਦੇ ਵਿਚ ਸਿਮਰਿਆ ਹੈ ਉਹ ਫਿਰ ਜੋਨੀਆ ਦੇ ਸੰਕਟ ਵਿਚ ਨਹੀਂ ਫਸੇ।

## ਪੰਜਾਬ ਦੇ ਪਾਰਲੀਮੈਂਟ ਮੈਂਬਰ ਧਿਆਨ ਦੇਣ

ਗਾਂਧੀ ਧਾਮ (ਕਛ—ਗੁਜਰਾਤ) ਦੇ ਗੁਰਦਵਾਰਾ ਗੁਰੂ ਨਾਨਕ ਮਿਸ਼ਨ ਵਲੋਂ ਗੁਰਦੁਆਰਾ ਸਾਹਿਬ ਦੇ ਢਾਹੇ ਜਾਣ ਦੀ ਦਰਦਨਾਕ ਖ਼ਬਰ ਪੁਜੀ ਹੈ। ਇਹ ਗੁਰਦੁਆਰਾ ਅਪ੍ਰੈਲ 1972 ਵਿਚ ਬਣਿਆ ਸੀ, ਜਿਸ ਦੇ ਬਰਖ਼ਿਲਾਫ਼ ਕੁਝ ਸ਼ਰਾਰਤੀ ਅਨਸਰ ਵਲੋਂ ਓਦੋਂ ਤੋਂ ਹੀ ਕਈ ਤਰ੍ਹਾਂ ਦੇ ਜਤਨ ਹੁੰਦੇ ਆ ਰਹੇ ਹਨ। ਗੁਰਦੁਆਰਾ ਸਾਹਿਬ ਦੇ ਬਰਖ਼ਿਲਾਫ਼ ਕੋਰਟ ਵਿਚ ਕੇਸ ਚੱਲ ਰਿਹਾ ਸੀ। 14 ਅਪ੍ਰੈਲ 1977 ਨੂੰ ਗੁਰਦੁਆਰਾ ਸਾਹਿਬ ਦੇ ਅਠੇ ਟ੍ਰਸਟੀ ਕੋਰਟ ਵਿਚ ਤਰੀਕਾਂ ਤੇ ਪੁਜੇ ਹੋਏ ਸਨ ਅਤੇ ਦੋਵੇਂ ਐਰਬੀਟੇਟਰ ਵੀ ਉਸ ਦਿਨ ਬਾਹਰ ਆਏ ਹੋਏ ਸਨ ਕਿ ਪਿਛੋਂ ਸ਼ਰਾਰਤੀ ਅਨਸਰ, ਜਿਨ੍ਹਾਂ ਵਿਚ ਕਿ ਉਥੋਂ ਦੀ ਕਾਂਗਰਸ ਦੇ ਕਰਤੇ ਧਰਤੇ ਸ਼ਾਮਲ ਹਨ, ਨੇ ਗੁਰਦੁਆਰਾ ਸਾਹਿਬ ਢਾਹ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਅਤੇ ਗੁਰਦੁਆਰਾ ਸਾਹਿਬ ਦਾ ਸਮਾਨ ਵੀ ਉਨ੍ਹਾਂ ਦੇ ਕਬਜ਼ੇ ਵਿਚ ਹੈ ਅਤੇ ਉਥੇ ਪੁਲਸ ਖੜੀ ਕਰ ਦਿਤੀ ਗਈ ਹੈ। ਗੁਰਦੁਆਰਾ ਸਾਹਿਬ ਦੇ ਪਰਬੰਧਕਾਂ ਨੂੰ ਉਧਰ ਜਾਣ ਦੀ ਵੀ ਆਗਿਆ ਨਹੀਂ ਹੈ। ਪਰਬੰਧਕਾਂ ਨੇ ਭਾਰਤ ਸਰਕਾਰ ਤੇ ਹੋਰ ਕਈ ਥਾਵਾਂ ਤੇ ਤਾਰਾਂ ਦਿਤੀਆਂ ਹਨ ਅਤੇ ਨਸ ਭਜ ਕਰ ਰਹੇ ਹਨ, ਪਰ ਅਜੇ ਤਕ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ।

ਅਸੀਂ ਪੰਜਾਬ ਦੇ ਨਵੇਂ ਬਣੇ ਪਾਰਲੀਮੈਂਟ ਮੈਂਬਰਾਂ ਪਾਸ ਬਿਨੈ ਕਰਦੇ ਹਾਂ ਕਿ ਉਹ ਭਾਰਤ ਸਰਕਾਰ ਤੇ ਜ਼ੋਰ ਪਾ ਕੇ ਗੁਰਦੁਆਰਾ ਸਾਹਿਬ ਨੂੰ ਮੁੜ ਕਾਇਮ ਕਰਵਾਉਣ ਅਤੇ ਸ਼ਰਾਰਤੀ ਅਨਸਰ ਨੂੰ ਖ਼ਜਿਹੀਆਂ ਸਜ਼ਾਵਾਂ ਦਿਵਾਉਣ ਕਿ ਮੁੜ ਅਜਿਹੀ ਸ਼ਰਾਰਤ ਕਰਨ ਦੀ ਕਿਸੇ ਨੂੰ ਜੁਰਤ ਨਾ ਪਵੇ।

---

## *ਇੰਗਲੈਂਡ ਵਿਖੇ ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ*

ਸ: ਗੁਰਨਾਮ ਸਿੰਘ ਸੈਕਰੇਟਰੀ ਅਖੰਡ ਕੀਰਤਨੀ ਜੱਥਾ ਯੂ. ਕੇ. (ਰਜਿਸਟ੍ਰਡ) 10-Lambourne Grdns, Early, Reading (Berks) Tel : 0734-67900 ਇਤਲਾਹ ਦਿੰਦੇ ਹਨ ਕਿ ਇੰਗਲੈਂਡ ਵਿਖੇ ਹੇਠ ਲਿਖੇ ਸਥਾਨਾਂ ਤੇ ਰੈਣ-ਸਬਾਈ ਕੀਰਤਨ ਹੋ ਰਹੇ ਹਨ, ਸੰਗਤਾਂ ਪੁਜ ਕੇ ਲਾਭ ਉਠਾਉਣ।

(੧) ੧੪ ਮਈ ੧੯੭੭ ਸ਼ਨੀਵਾਰ ਰਾਤ—Gurdwara Bhatra Singh Sabha, 221-Mary Street, BalSall, Birmingham—12

ਪੁਛਗਿਛ—ਬੀਬੀ ਸੁਰਿੰਦਰ ਕੌਰ ਜੀ ਵਿਰਕ (ਫੋਨ 021-440-0313) ਤੇ ਭਾਈ ਬੰਤਾ ਸਿੰਘ ਜੀ (ਫੋਨ 021-554-7280)

(੨) ੨੧ ਮਈ ੧੯੭੭ ਸ਼ਨੀਵਾਰ ਰਾਤ—New Sikh Temple, Prospect Street, Ring Road, Near Fire Station, Hudder's Field

ਪੁਛ ਗਿੱਛ—ਭਾਈ ਦੀਦਾਰ ਸਿੰਘ ਜੀ (ਫੋਨ 0484-32773) ਤੇ ਭਾਈ ਸ਼ੰਗਾਰਾ ਸਿੰਘ ਜੀ (ਫੋਨ 021-523-7364)

www.AKJ.Org

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਸਤ ਮੈਂਬਰਾਂ ਵਲੋਂ ਸੌ ਸੌ ਰੁਪਏ ਪੁਜੇ ਹਨ ਜਿਨ੍ਹਾਂ ਦੀਆਂ ਹੇਠ ਲਿਖੇ ਅਨੁਸਾਰ ਬੈਂਕ ਵਿਚ ਐਫ਼ ਡੀਆਂ ਬਣਵਾ ਦਿਤੀਆਂ ਗਈਆਂ ਹਨ—

| | | | |
|---|---|---|---|
| 245. ਸ: ਪ੍ਰੇਮ ਸਿੰਘ ਜੀ | (ਚਿਟ ਨੰਬਰ 3245) | 398455/544/77 | ਮਿਤੀ 25. 4. 77 |
| 246. ਸ: ਹਰਵੰਤ ਸਿੰਘ ਜੀ | ( ,, ,, 3246) | 398456/545/77 | ,, |
| 247. Sub ਗੁਰਬਚਨ ਸਿੰਘ ਜੀ | ( ,, ,, 3247) | 398457/546/77 | ,, |
| 248. ਸ: ਰੁਲਦੂ ਸਿੰਘ ਜੀ | ( ,, ,, 3248) | 398458/547/77 | ,, |
| 249. ਸ: ਹਿੰਮਤ ਸਿੰਘ ਜੀ | ( ,, ,, 3249) | 398459/548/77 | ,, |
| 250. ਭਾ: ਤ੍ਰਿਲੋਕ ਸਿੰਘ ਜੀ | ( ,, ,, 3250) | 398460/549/77 | ,, |
| 251. Hav. ਪ੍ਰੀਤਮ ਸਿੰਘ ਜੀ | ( ,, ,, 3251) | 398461/550/77 | ,, |

## ਰਿਸ਼ਤੇ ਨਾਤੇ—

ਲੋੜਵੰਦ ਸਜਣ ਚਿਠੀ ਲਿਖ ਕੇ ਲਫ਼ਾਫ਼ੇ ਦੇ ਬਾਹਰ ਐਡਰੈਸ ਲਿਖਣ :—
ਫ਼ਾਰਮ ਨੰਬਰ.........ਮਾਰਫ਼ਤ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫ਼ਾਰਮ ਨੰ: 59—ਇਕ ਐਮ. ਏ. ਪਾਸ ਟੀਚਰੈਸ-ਖਿਡਾਰੀ ਤੇ ਪੰਜ ਬਾਣੀ ਨਿਤਨੇਮਣ ਬੀਬੀ, ਉਮਰ 28½ ਸਾਲ, ਕਦ 5 ਫੁਟ ਸਾਢੇ ਚਾਰ ਇੰਚ, ਮਾਸਕ ਤਨਖਾਹ 600 ਰੁਪਏ ਲਈ ਰਹਿਤਵਾਨ ਸਾਕਾਹਾਰੀ ਗੁਰਮੁਖ ਗਰੈਜੂਏਟ ਸਰਵਸਮੈਨ ਵਰ ਦੀ ਲੋੜ ਹੈ। ਤਨਖ਼ਾਹ 700 ਰੁਪਏ ਤੋਂ ਘਟ ਨਾ ਹੋਵੇ।

ਫ਼ਾਰਮ ਨੰ: 60—ਇਕ ਅੰਮ੍ਰਿਤਧਾਰੀ ਬੀ. ਏ. ਮਕੈਨੀਕਲ ਇੰਜੀਨੀਅਰ ਉਮਰ 26½ ਸਾਲ, ਕਦ 5 ਫੁਟ 10 ਇੰਚ, ਮਾਸਕ ਆਮਦਨ 800 ਰੁਪਏ, ਪੰਜ ਬਾਣੀ ਨਿਤਨੇਮੀ ਸਿੰਘ ਲਈ ਪੰਜ ਬਾਣੀ ਨਿਤਨੇਮਣ, ਪੰਜ ਕਕਾਰੀ ਰਹਿਤ ਲਾਜ਼ਮੀ, ਘਰੇਲੂ ਕੰਮ ਵਿਚ ਨਿਪੁੰਨ ਬੀਬੀ ਦੀ ਲੋੜ ਹੈ।

ਫ਼ਾਰਮ ਨੰ: 61—ਇਕ 21 ਸਾਲਾ ਬੀਬੀ, ਕਦ 5 ਫੁਟ 4½ ਇੰਚ ਮੈਟਰਿਕ, ਗਿਆਨੀ, ਕੀਰਤਨੀ, ਸਲਾਈ ਕਢਾਈ ਵਿਚ ਨਿਪੁੰਨ, ਜ਼ਮੀਨਦਾਰ ਲਈ ਯੋਗ ਪੜ੍ਹੇ ਲਿਖੇ ਜ਼ਮੀਨਦਾਰ ਵਰ ਦੀ ਲੋੜ ਹੈ।

ਫ਼ਾਰਮ ਨੰ: 62—ਇਕ ਪੰਜਵੀਂ ਪਾਸ 25 ਸਾਲਾ ਸਿੰਘ ਕਦ 5 ਫੁਟ 6 ਇੰਚ, ਧਾਰੀਵਾਲ ਮਿਲ ਵਿਚ ਨੌਕਰ, ਮਾਸਕ ਆਮਦਨ 300 ਰੁਪਏ ਜ਼ਮੀਨਦਾਰ ਲਈ ਤਿਆਰ ਬਰ ਤਿਆਰ ਘਰ ਦੇ ਕੰਮ ਵਿਚ ਨਿਪੁੰਨ ਸਿੰਘਣੀ ਦੀ ਲੋੜ ਹੈ।

ਫ਼ਾਰਮ ਨੰ: 63—ਇਕ 27 ਸਾਲਾ ਨੌਜਵਾਨ ਕਦ 5 ਫੁਟ 9 ਇੰਚ, ਬੀ. ਏ., ਵੈਲਡਿੰਗ ਇੰਜੀਨੀਅਰ, ਕੈਨੇਡਾ ਵਾਸੀ ਲਈ ਗਰੈਜੂਏਟ ਕੀਰਤਨ ਵਿਚ ਨਿਪੁੰਨ ਗੁਰਸਿਖ ਘਰਾਣੇ ਚੋਂ ਸਿੰਘਣੀ ਦੀ ਲੋੜ ਹੈ।

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸਰਦਾਰ ਹਿੰਮਤ ਸਿੰਘ ਜੀ ਬੰਬਈ ਵਲੋਂ | 50-00 |
| ਸ੍ਰੀ ਤੇਜਿੰਦਰ ਕੁਮਾਰ ਜੀ ਕੁਲੂ ਵਲੋਂ ਵੀਰ ਦਲਜੀਤ ਸਿੰਘ ਜੀ ਦੀ ਯਾਦ ਵਿਚ | 11-50 |
| ਸਰਦਾਰ ਅਜੀਤ ਸਿੰਘ ਜੀ ਵਲੋਂ | 5-00 |
| ਸ: ਹਰਮਿੰਦਰ ਸਿੰਘ ਜੀ ਹੁਸ਼ਿਆਰਪੁਰ ਵਲੋਂ | 2-00 |
| ਸ: ਪ੍ਰੀਤਮ ਸਿੰਘ ਜੀ ਊਧਮਪੁਰ ਵਲੋਂ | 11-00 |
| ਸ: ਮਸਤਾ ਸਿੰਘ ਦੀ ਡਰਬੀ, ਇੰਗਲੈਂਡ ਵਲੋਂ ਸਵਾ ਪੰਜ ਪੌਂਡ | 78-01 |
| ਭਾਈ ਪ੍ਰੀਤਮ ਸਿੰਘ ਜੀ ਟੇਲਰ ਮਾਸਟਰ ਮੂਸਾਪੁਰ ਵਲੋਂ ਸਪੁਤਰ ਦੇ ਆਨੰਦ ਕਾਰਜ ਦੀ ਖੁਸ਼ੀ ਵਿਚ | 11-00 |

ਵਾਹਿਗੁਰੂ ਸਭ ਪ੍ਰੇਮੀਆਂ ਨੂੰ ਸਿਖੀ ਸਿਦਕ ਤੇ ਸੁੱਚਾ ਜੀਵਨ ਬਖਸ਼ਣ।

www.AKJ.Org

# ਹੁਸ਼ਿਆਰਪੁਰ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ ਸਮਾਗਮ

## 20 ਮਈ ਸ਼ੁਕਰਵਾਰ ਸਵੇਰ ਤੋਂ 23 ਮਈ 1977 ਸੋਮਵਾਰ ਸਵੇਰ ਤਕ

ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਭਾਰਤ ਭਰ ਦੇ ਅਖੰਡ ਕੀਰਤਨੀ ਜੱਥਿਆਂ ਵਲੋਂ ਪਿਛਲੇ ਸਾਲਾਂ ਵਾਂਗ ਗੁਰਦੁਆਰਾ ਕਲਗੀਧਰ ਚਰਨ ਪਾਵਨ, ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ। ਸਮੂੰਹ ਪਿਆਰੇ ਹੋਰਨਾਂ ਸਤਸੰਗੀਆਂ ਨੂੰ ਨਾਲ ਲਿਆ ਕੇ ਆਇ ਦੀਦਾਰ ਬਖ਼ਸ਼ੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ।

### – ਪ੍ਰੋਗਰਾਮ –

| | | | |
|---|---|---|---|
| 20 ਮਈ | ਸਵੇਰੇ | 5-00 ਤੋਂ 7-30 ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ | ਗੁ: ਕਲਗੀਧਰ ਚਰਨ ਪਾਵਨ |
| | ਸ਼ਾਮ | 7-30 ਤੋਂ 10-00 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ | ,, ,, ,, |
| 21 ਮਈ | ਸਵੇਰੇ | 5-00 ਤੋਂ 11-00 ਅਖੰਡ ਕੀਰਤਨ | ਗੁਰਦੁਆਰਾ ਭਾਈ ਜੋਗਾ ਸਿੰਘ ਜੀ |
| | ਸ਼ਾਮ | 7-30 ਤੋਂ 10-00 ਸੋਦਰ ਦੀ ਚੌਕੀ ਤੇ ਅਖੰਡ ਕੀਰਤਨ | ਗੁ: ਸਿੰਘ ਸਭਾ, ਬਹਾਦਰਪੁਰ |
| 22 ਮਈ | ਸਵੇਰੇ | 5-00 ਭੋਗ ਸ੍ਰੀ ਅਖੰਡਪਾਠ ਉਪਰੰਤ ਕੀਰਤਨ ਚਲ ਸੋ ਚਲ | ਗੁ: ਕਲਗੀਧਰ ਚਰਨ ਪਾਵਨ |
| | ਸ਼ਾਮ | 6-00 ਅੰਮ੍ਰਿਤ-ਸਿੰਚਾਰ | ,, ,, ,, |
| | ਸ਼ਾਮ | 7-00 ਸੋਦਰ ਉਪਰੰਤ ਅਰੰਭ ਰੈਣ ਸਬਾਈ ਕੀਰਤਨ | ,, ,, ,, |
| 23 ਮਈ | ਸਵੇਰੇ | 7-00 ਸਮਾਪਤੀ ਰੈਣ ਸਬਾਈ | |

ਨੋਟ :—(੧) ਰਿਹਾਇਸ਼ ਲਾਗੇ ਲਾਗੇ ਕੋਠੀਆਂ ਵਿਚ ਕੀਤੀ ਜਾਵੇਗੀ। (੨) ਬਿਸਤਰੇ ਲੋੜ ਅਨੁਸਾਰ ਨਾਲ ਲਿਆਓ ਜੀ।
(੩) ਗੁਰੂ ਕਾ ਲੰਗਰ ਗੁ: ਕਲਗੀਧਰ ਚਰਨ ਪਾਵਨ ਵਿਖੇ ਹੋਵੇਗਾ, ਜੋ ਬਸ-ਅਡੇ ਦੇ ਨੇੜੇ ਹੈ।

ਪੁਛ ਗਿਛ ਪ੍ਰੋਫੈਸਰ ਲਖਦੇਵ ਸਿੰਘ
ਗੋਰਮਿੰਟ ਪੋਲੀਟੈਕਨਿਕ, ਹੁਸ਼ਿਆਰਪੁਰ

ਦਾਸਰੇ-ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ

# 'ਰੰਗਲੇ ਸੱਜਣ' ਲਿਖਤ ਭਾਈ ਸਾਹਿਬ ਰਣਧੀਰ ਸਿੰਘ ਜੀ

ਇਸ ਪੁਸਤਕ ਵਿਚ ਕੁਝ ਉਨ੍ਹਾਂ ਪੁਗ ਖਲੋਤੇ ਰੰਗਲੇ ਸਜਣਾਂ ਦੀਆਂ ਰੰਗ ਰਤੀਆਂ ਜੀਵਨੀਆਂ ਹਨ, ਜਿਨ੍ਹਾਂ ਨੂੰ ਭਾਈ ਸਾਹਿਬ ਜੀ ਦੀ ਸੰਗਤ ਦੀ ਛੁਹ ਪ੍ਰਾਪਤ ਰਹੀ ਹੈ। ਪਰਮਾਰਥਕ ਜੀਵਨ ਨੂੰ ਰੰਗਣ ਲਈ ਇਹ ਜੀਵਨੀਆ ਬੜੀਆਂ ਸਹਾਇਕ ਹਨ।

'ਰੰਗਲੇ ਸਜਣ' ਨਵੀਂ ਐਡੀਸ਼ਨ ਵਡੇ ਆਕਾਰ ਵਿਚ ਸੋਹਣੀ ਛਪਾਈ ਵਿਚ ਛੇਤੀ ਆ ਰਹੀ ਹੈ। ਭੇਟਾ ਕੇਵਲ ੪)

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | ੬-੦੦ | ਗੁਰਮਤਿ ਗੌਰਵਤਾ | ੭-੦੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਰਮਜ਼ਾਂ | ੧-੩੦ | ਅੰਮ੍ਰਿਤ ਕੀ ਹੈ ? | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ ੪-੫੦ | ੬-੫੦ | ਉਮਰ ਕੈਦੀ ਦਾ ਸੁਪਨਾ | ੦-੨੫ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੨੦ | ਸਿਖ ਕੌਣ ਹੈ ? | ੦-੨੦ |
| ਸੱਚੀਅ ਦਾੜ੍ਹੀਆਂ | ੦-੨੦ | ਚਰਨ ਕਮਲ ਕੀ ਮਉਜ | ੦-੭੫ |
| Dawn of Divine Wisdom | 0-75 | ਅੰਮ੍ਰਿਤ ਕਲਾ | ੦-੪੦ |
| ਸਿਖ ਧਰਮ ਤੇ ਮਾਸ ਸ਼ਰਾਬ | | ਵਲੋਂ ਜੇ. ਪੀ. ਸੰਗਤ ਸਿੰਘ ਜੀ | ੩-੦੦ |

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org